Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2



Vol 17 * Issue 182
Daily Newspaper Friday, September 21, 2018
Tel: 905-793-2202 Fax: 905-793-2282 news@punjabipost.ca


## ਅੰਦਰ ਪੜ੍ਹੋ

ਛੱਤੀਸਗੜ੍ਹ ਵਿੱਚ ਮਾਇਆਵਤੀ ਵੱਲੋਂ ਅਜੀਤ ਜੋਗੀ ਨਾਲ ਗਠਜੋੜ, ਕਾਂਗਰਸ ਨੂੰ ਝਟਕਾ


ਪੰਨਾ 3

ਅਜਾਰੇਂਕਾ ਪੈਨ ਪੈਸੇਫਿਕ ਓਪਨ ਦੇ ਕੁਆਰਟਰ-ਫਾਈਨਲ 'ਚ ਪਹੁੰਚੀ


ਪੰਨਾ 14

# ਪਾਕਿ ਨਾਲ ਵਿਦੇਸ਼ ਮੰਤਰੀ ਪੱਧਰ ਦੀ ਮੁਲਾਕਾਤ ਲਈ ਭਾਰਤ ਨੇ ਹਾਮੀ ਭਰੀ

ਨਵੀਂ ਦਿੱਲੀ, 20 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਮੰਤਰਾਲੇ ਮੁਤਾਬਕ ਪਾਕਿਸਤਾਨ ਨਾਲ ਵਿਦੇਸ਼ ਮੰਤਰੀ ਪੱਧਰ ਦੀ ਮੁਲਾਕਾਤ ਲਈ ਭਾਰਤ ਸਰਕਾਰ ਵੀ ਸਹਿਮਤ ਹੋ ਗਈ ਹੈ।

ਅੱਜ ਦਿੱਲੀ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਪਾਕਿਸਤਾਨ ਦੇ ਨਾਲ ਵਿਦੇਸ਼ ਮੰਤਰੀ ਪੱਧਰ ਦੀ ਮੁਲਾਕਾਤ ਕਰਨ ਲਈ ਭਾਰਤ ਸਰਕਾਰ ਤਿਆਰ ਹੈ। ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਇਸ ਗੱਲਬਾਤ ਵਾਲੀ ਬੈਠਕ ਦੀ ਤਰੀਕ ਅਤੇ ਸਮਾਂ ਦੋਵੇਂ ਦੇਸ਼ ਆਪਸੀ ਸਹਿਮਤੀ ਨਾਲ ਤੈਅ ਕਰਨਗੇ। ਉਨ੍ਹਾਂ ਦੱਸਿਆ ਕਿ ਪਾਕਿਸਤਾਨ



ਸਰਕਾਰ ਨੇ ਇਸ ਬੈਠਕ ਦੀ ਬੇਨਤੀ ਕੀਤੀ ਸੀ, ਜਿਸ ਨੂੰ ਭਾਰਤ ਨੇ ਮਨਜ਼ੂਰ ਕਰ ਲਿਆ ਹੈ, ਪਰ ਇਸ ਬੈਠਕ ਦਾ ਏਜੰਡਾ ਕੀ ਹੋਵੇਗਾ, ਇਸ ਬਾਰੇ ਸਥਿਤੀ ਸਪੱਸ਼ਟ ਨਹੀਂ। ਉਨ੍ਹਾਂ ਕਿਹਾ ਕਿ ਅਜੇ ਸਿਰਫ ਏਨੀ ਗੱਲ ਤੈਅ ਹੈ ਕਿ ਬੈਠਕ ਹੋਵੇਗੀ, ਏਜੰਡਾ ਅਜੇ ਤੈਅ ਨਹੀਂ ਹੋਇਆ। ਉਨ੍ਹਾਂ ਇਹ ਵੀ ਕਿਹਾ ਕਿ ਬੈਠਕ 'ਚ ਕਰਤਾਰਪੁਰ ਲਾਂਘੇ ਦੇ ਮੁੱਦੇ ਉਤੇ ਵੀ ਗੱਲਬਾਤ ਹੋਵੇਗੀ, ਜਿਸ 'ਤੇ ਪਿਛਲੇ ਕਾਫੀ ਲੰਬੇ ਸਮੇਂ ਤੋਂ ਚਰਚਾ ਹੋ ਰਹੀ ਹੈ। ...ਬਾਕੀ ਪੰਨਾ 6 'ਤੇ

# ਐਨਰਜੀ ਈਸਟ ਪਾਈਪਲਾਈਨ ਪ੍ਰੋਜੈਕਟ ਬਾਰੇ ਗੱਲਬਾਤ ਮੁੜ ਸ਼ੁਰੂ ਕਰਨ ਲਈ ਸ਼ੀਅਰ ਨੇ ਟਰੂਡੋ ਉੱਤੇ ਪਾਇਆ ਦਬਾਅ



ਓਟਵਾ, 20 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਦਾ ਕਹਿਣਾ ਹੈ ਕਿ ਜੇ ਲਿਬਰਲ ਸਰਕਾਰ ਐਨਰਜੀ ਖੇਤਰ ਦਾ ਵਿਕਾਸ ਕਰਨ ਪ੍ਰਤੀ ਗੰਭੀਰ ਹੈ ਤੇ ਤੇਲ ਸਰੋਤਾਂ ਨੂੰ ਮਾਰਕਿਟ ਤੱਕ ਲਿਆਉਣਾ ਚਾਹੁੰਦੀ ਹੈ ਤਾਂ ਬੇਕਾਰ ਪਏ ਐਨਰਜੀ ਈਸਟ ਪਾਈਪਲਾਈਨ ਪ੍ਰੋਜੈਕਟ ਸਬੰਧੀ ਟਰਾਂਸ ਕੈਨੇਡਾ ਨਾਲ ਮੁੜ ਗੱਲਬਾਤ ਸ਼ੁਰੂ ਕਰੇ।

ਬੁੱਧਵਾਰ ਨੂੰ ਸ਼ੀਅਰ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਰਮਿਆਨ ਟਰਾਂਸ ਮਾਊਨਟੇਨ ਪਾਈਪਲਾਈਨ ਪਸਾਰ ਦੇ ਸਬੰਧ ਵਿੱਚ ਭਖਵੀਂ ਬਹਿਸ ਹੋਈ। ਸ਼ੀਅਰ ਨੇ ਅਜਿਹੇ ਐਨਰਜੀ ਪ੍ਰੋਜੈਕਟ ਦਾ ਮੁੱਦਾ ਉਠਾਇਆ ਜਿਹੜਾ ਪਿਛਲੇ ਸਾਲ ਰੱਦ ਕਰ ਦਿੱਤਾ ਗਿਆ ਸੀ। ਪਹਿਲਾਂ ਤਾਂ ਟਰੂਡੋ ਨੇ ਟਾਲਾ ਵੱਟਿਆ ਪਰ ਬਾਅਦ ਵਿੱਚ ਉਨ੍ਹਾਂ ਆਖਿਆ ਕਿ ਐਨਰਜੀ ਈਸਟ ਦੇ ਮਾਮਲੇ ਵਿੱਚ ਇਸ ਪ੍ਰਾਈਵੇਟ ਕੰਪਨੀ ਨੇ ਪ੍ਰੋਜੈਕਟ ਨੂੰ ਜਾਰੀ ਰੱਖਣ ਤੋਂ ਮਨ੍ਹਾਂ ਕਰ ਦਿੱਤਾ ਸੀ ਕਿਉਂਕਿ ਤੇਲ ਦੀਆਂ ਕੀਮਤਾਂ ਉਸ ਨਾਲੋਂ ਅੱਧੀਆਂ ਰਹਿ ਗਈਆਂ ਸਨ ਜਦੋਂ ਇਹ ਪਹਿਲਾਂ ਪ੍ਰਸਤਾਵਿਤ ਕੀਤਾ ਗਿਆ ਸੀ।

ਪਿਛਲੇ ਮਹੀਨੇ ਫੈਡਰਲ ਕੋਰਟ ਆਫ ਅਪੀਲ ਨੇ ਟਰਾਂਸ ਮਾਊਨਟੇਨ ਪ੍ਰੋਜੈਕਟ ਨੂੰ ਦਿੱਤੀ ਗਈ ਮਨਜ਼ੂਰੀ ਨੂੰ ਖਾਰਜ ਕਰ ਦਿੱਤਾ ਸੀ। ਅਦਾਲਤ ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਮੂਲਵਾਦੀ ਕਮਿਊਨਿਟੀਜ਼ ਨਾਲ ਸਹੀ ਢੰਗ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ...ਬਾਕੀ ਪੰਨਾ 6 'ਤੇ

# ਸ਼ਿੰਜ਼ੋ ਆਬੇ ਮੁੜ ਬਣੇ ਜਪਾਨ ਦੇ ਪ੍ਰਧਾਨ ਮੰਤਰੀ



ਟੋਕੀਓ, 20 ਸਤੰਬਰ (ਪੋਸਟ ਬਿਊਰੋ) : ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੂੰ ਵੀਰਵਾਰ ਨੂੰ ਮੁੜ ਸੱਤਾਧਾਰੀ ਲਿਬਰਲ ਡੈਮੋਕ੍ਰੈਟਿਕ ਪਾਰਟੀ ਦਾ ਮੁਖੀ ਚੁਣ ਲਿਆ ਗਿਆ ਹੈ। ਹੁਣ ਉਹ ਅਗਲੇ ਤਿੰਨ ਸਾਲਾਂ ਲਈ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਰਹਿਣਗੇ। ਆਬੇ ਨੇ ਬੜੀ ਆਸਾਨੀ ਨਾਲ ਆਪਣੇ ਇੱਕ ਮਾਤਰ ਵਿਰੋਧੀ ਸ਼ਿਗੇਰੂ ਇਸ਼ਿਬਾ, ਜੋ ਕਿ ਸਾਬਕਾ ਰੱਖਿਆ ਮੰਤਰੀ ਸਨ, ਨੂੰ ਹਰਾ ਦਿੱਤਾ। 807 ਵੋਟਾਂ ਵਿੱਚੋਂ ਆਬੇ ਨੂੰ 553 ਭਾਵ 70 ਫੀ ਸਦੀ ਵੋਟਾਂ ਹਾਸਲ ਹੋਈਆਂ। ਜਿੱਤਣ ਤੋਂ ਬਾਅਦ ਦਿੱਤੇ ਆਪਣੇ ਪਹਿਲੇ ਭਾਸ਼ਣ ਵਿੱਚ ਆਬੇ ਨੇ ਆਖਿਆ ਕਿ ਸੰਵਿਧਾਨਕ ਮੁਲਾਂਕਣ ਨਾਲ ਨਜਿੱਠਣ ਦਾ ਸਮਾਂ ਆ ਗਿਆ ਹੈ। ...ਬਾਕੀ ਪੰਨਾ 6 'ਤੇ

# ਲਗਜ਼ਰੀ ਕੌਂਡੋ ਪ੍ਰੋਜੈਕਟ ਰੱਦ ਹੋਣ ਨਾਲ ਲੋਕਾਂ ਦੇ ਸੁਪਨੇ ਟੁੱਟੇ



ਵਾਅਨ, 20 ਸਤੰਬਰ (ਪੋਸਟ ਬਿਊਰੋ) : ਵਾਅਨ ਸਿਟੀ ਵਿੱਚ ਉਸਾਰੇ ਜਾਣ ਵਾਲੇ ਨਵੇਂ ਕੌਂਡੋਮੀਨੀਅਮ ਦੇ ਰੱਦ ਹੋਣ ਨਾਲ 1000 ਖਰੀਦਦਾਰਾਂ ਦਾ ਭਵਿੱਖ ਹਨ੍ਹੇਰਾ ਹੋ ਗਿਆ ਹੈ। ਕੌਂਡੋ ਖਰੀਦਦਾਰਾਂ ਨੂੰ ਆਇਕੌਨਾ ਡਿਵੈਲਪਮੈਂਟਸ ਇਨਕਾਰਪੋਰੇਸ਼ਨ ਵੱਲੋਂ ਇੱਕ ਚਿੱਠੀ ਭੇਜੀ ਗਈ ਜਿਸ ਵਿੱਚ ਇਹ ਆਖਿਆ ਗਿਆ ਕਿ ਹਾਈਵੇਅ 7 ਲਾਗੇ ਬਣ ਰਹੇ ਹਾਈਰਾਈਜ਼ ਕਾਂਪਲੈਕਸ ਤੇ ਇੰਟਰਚੇਂਜ ਵੇਅ ਵਾਲੇ ਪ੍ਰੋਜੈਕਟ ਨੂੰ ਖਤਮ ਕਰ ਦਿੱਤਾ ਗਿਆ ਹੈ। ਚਿੱਠੀ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਬੜੇ ਦੁਖ ਨਾਲ ਇਹ ਦੱਸਿਆ ਜਾਂਦਾ ਹੈ ਕਿ ਇਹ ਪ੍ਰੋਜੈਕਟ ਕੈਂਸਲ ਹੋ ਗਿਆ ਹੈ। ਅਜਿਹਾ ਹਾਲਾਤ ਸਾਡੇ ਵੱਸ ਵਿੱਚ ਨਾ ਹੋਣ ਕਾਰਨ ਹੋਇਆ। ...ਬਾਕੀ ਪੰਨਾ 6 'ਤੇ


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME, AUTO, BUSINESS, TRUCKING, R.E.S.P, COMMERCIAL
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axcel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY PH. : 905-362-0755
Barrister, Solicitor & Notary Public www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
(Insured & Licensed)
SAME DAY SERVICE &
100% SATISFACTION GUARANTEED
Discount For Seniors Single Mothers & Students
CALL FOR FREE ESTIMATES :
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# ACTON PHYSIO & FOOT CLINIC

ਪਿੱਠ, ਗੋਢੇ, ਧੌਣ, ਲੱਤਾਂ, ਕੂਹਣੀ,
ਗਿੱਟੇ, ਪੈਰਾਂ ਦੇ ਦਰਦਾਂ ਤੋਂ ਪਰੇਸ਼ਾਨ
ਹੋ ਤਾਂ ਸਾਡੀਆਂ ਨਾਲ ਲਿਖੀਆਂ
ਸੇਵਾਵਾਂ ਨੂੰ ਇਕ ਵਾਰੀ ਅਜ਼ਮਾਉ
ਤੇ ਆਪਣੇ ਕੰਮਾਂ ਨੂੰ ਭਜਦੇ ਜਾਓ

We Accept Most Insurances
FREE CONSULTATION



Free Shoes

Buy Custom Made ORTHOTICS
Get upto $100 in Orthopedic Shoe*

*Shoe Credit amount depends upon shoes purchased

## CHANGE YOUR LIFE ਆਪਣੇ ਬੱਲ ਤੇ ਜੀਣਾ ਸਿਖੋ

SEE THE DIFFERENCE WITH ADVANCED TECHNOLOGY



### SERVICES

- Physiotherapy
- Chirpractic Care
- Registered Massage Therapy
- Naturopathy
- Decompression
- Accupunture
- Shockwave Theraphy
- Ion Detoc Spa
- Foot Reflexology
- Colon Hydrotherapy

### TREATMENTS

- Motor Vehicle Accident
- Worker's Compensation
- Back Pain Relief
- Foot Pain Relief
- Muscle & Joint Pain
- Prenatal Care
- Nutrition Planning
- Diabetic Care
- Constipation





### ORTHOTICS

- Callouses
- Corns
- Warts
- Fungal Nail (Laser Treatment)
- Ingrown Nail (Surgery)
- Flat Feet (Shock Wave Therapy)

50$ Off
ORTHOTICS*
For Private Patients Only, Valid Aug; Sept; Oct. *conditions apply;

SPECIAL SENIORS DISCOUNT

2280 Bovaird Dr. E, Unit #4, Brampton. ON L6R 3J5 (East of Rajdhani Sweet)

905.595.1146 | 905.793.7757 | Monday to Saturday



chatr MOBILE

NOW GET

~~4GB~~ 4.5GB DATA
ON OUR $40/MO. PLAN

AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON,
(905) 451-0379

2456 LAKE SHORE BLVD W.,
(416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

### ਅੱਜ ਨਾਮਾ

ਮਾਇਆਵਤੀ ਆ ਰਾਹੁਲ ਨੂੰ ਲਾਈ ਠਿੱਬੀ,
ਪਾਸਾ ਬਦਲਿਆ, ਚੱਲ ਗਈ ਚਾਲ ਮੀਆਂ।
ਰਹੀ ਸੀ ਭੰਡਦੀ ਬਾਹਲੀ ਉਹ ਭਾਜਪਾ ਨੂੰ,
ਸੌਦਾ ਮਾਰ ਲਿਆ ਓਹਦੇ ਹੀ ਨਾਲ ਮੀਆਂ।
ਅਖਿਲੇਸ਼ ਭੂਆ ਦੇ ਦਾਅ ਨਾ ਸੋਚ ਸਕਦਾ,
ਗੱਲੀਂ ਜਾਂਦੀ ਆ ਬਦਲ ਉਹ ਤਾਲ ਮੀਆਂ।
ਫਿਰਦੇ ਚਾਤਰ ਕਹਾਉਂਦੇ ਆ ਕਈ ਭਾਵੇਂ,
ਗਲਣ ਦੇਵੇ ਨਹੀਂ ਕਿਸੇ ਦੀ ਦਾਲ ਮੀਆਂ।
ਪਰਖਣ ਮਾਹਰ ਜੇ ਬੀਬੀ ਦੀ ਰਾਜਨੀਤੀ,
ਕਹਿੰਦੇ ਜਿੱਤ ਦਾ ਕੋਈ ਨਾ ਚਾਅ ਮੀਆਂ।
ਠਿੱਬੀ ਹੋਰਾਂ ਨੂੰ ਲਾਉਣ ਦੀ ਚੋਣ ਲੜਦੀ,
ਲੁਕਵਾਂ ਇਹ ਵੀ ਹੁੰਦਾ ਈ ਦਾਅ ਮੀਆਂ।

**ਤੀਸ ਮਾਰ ਖਾਂ**

# ਡਿੰਪੀ ਢਿੱਲੋਂ ਸਮੇਤ ਅਕਾਲੀਆਂ ਨੂੰ 14 ਦਿਨਾਂ ਲਈ ਜੇਲ੍ਹ ਭੇਜਿਆ ਗਿਆ

*** ਮਲੂਕਾ ਦੀ ਅਗਵਾਈ ਹੇਠ ਅਕਾਲੀਆਂ ਵੱਲੋਂ ਧਰਨਾ**

ਗਿੱਦੜਬਾਹਾ, 20 ਸਤੰਬਰ, (ਪੋਸਟ ਬਿਊਰੋ)- ਜ਼ਿਲਾ ਪ੍ਰੀਸ਼ਦ ਚੋਣਾਂ ਮੌਕੇ ਜ਼ਿਲਾ ਮੁਕਤਸਰ ਦੇ ਹਲਕਾ ਗਿੱਦੜਬਾਹਾ ਦੇ ਪਿੰਡ ਗਿਲਜੇਵਾਲਾ ਵਿੱਚ ਅਕਾਲੀਆਂ ਅਤੇ ਕਾਂਗਰਸੀਆਂ ਵਿਚਾਲੇ ਝੜਪ ਮਗਰੋਂ ਗ੍ਰਿਫਤਾਰ ਕੀਤੇ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ, ਉਸ ਦੇ ਭਰਾ ਸੰਨੀ ਢਿੱਲੋਂ ਅਤੇ ਪੀ ਏ ਜਗਤਾਰ ਸਿੰਘ ਉੱਤੇ ਕੱਲ੍ਹ ਪ੍ਰੀਜ਼ਾਈਡਿੰਗ ਅਫ਼ਸਰ ਰਜੇਸ਼ ਕੁਮਾਰ ਦੇ ਬਿਆਨਾਂ 'ਤੇ ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਅਤੇ ਬੂਥਾਂ ਦੀ ਭੰਨ-ਤੋੜ ਦਾ ਕੇਸ ਦਰਜ ਕਰਨ ਪਿੱਛੋਂ ਅੱਜ ਇਨ੍ਹਾਂ ਨੂੰ ਮੈਡਮ ਮੇਘਾ ਧਾਲੀਵਾਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਅਕਾਲੀ ਆਗੂਆਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਲਈ ਜੇਲ੍ਹ ਵਿੱਚ ਭੇਜ ਦਿੱਤਾ ਹੈ।

ਪੇਸ਼ੀ ਮੌਕੇ ਅਕਾਲੀ ਆਗੂਆਂ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਕੇਸ ਸਿਆਸੀ ਰੰਜਿਸ਼ ਹੇਠ ਦਰਜ ਕੀਤਾ ਗਿਆ ਹੈ, ਇਸ ਲਈ ਜੇ ਅਦਾਲਤ ਇਨ੍ਹਾਂ ਨੂੰ ਜੁਡੀਸ਼ਲ ਹਿਰਾਸਤ ਵਿੱਚ ਭੇਜਣਾ ਚਾਹੁੰਦੀ ਹੈ ਤਾਂ ਬਠਿੰਡਾ ਭੇਜ ਦੇਵੇ, ਪਰ ਅਦਾਲਤ ਨੇ ਸਭ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਲਈ ਮੁਕਤਸਰ ਸਾਹਿਬ ਜੇਲ੍ਹ ਭੇਜ ਦਿੱਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਡਿੰਪੀ ਢਿੱਲੋਂ ਨੇ ਕਿਹਾ ਕਿ ਗਿੱਦੜਬਾਹਾ ਦੇ ਪਿੰਡ ਬਾਦੀਆਂ, ਬਬਾਣੀਆਂ ਅਤੇ ਗਿਲਜੇਵਾਲਾ ਵਿੱਚ ਕਾਂਗਰਸੀਆਂ ਨੇ ਬੂਥਾਂ ਉੱਤੇ ਕਬਜ਼ੇ ਕੀਤੇ ਤੇ ਗਿਲਜੇਵਾਲਾ ਜਾਂਦਿਆਂ ਉਨ੍ਹਾਂ ਦੀ ਕੁੱਟਮਾਰ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਅਫ਼ਸਰ ਉਨ੍ਹਾਂ ਨੂੰ ਬਚਾਉਣ ਦੇ ਬਹਾਨੇ ਨਾਲ ਲੈ ਗਏ ਤੇ ਕੇਸ ਦਰਜ ਕਰ ਲਿਆ ਅਤੇ ਪੁਲੀਸ ਕਾਂਗਰਸੀ ਆਗੂਆਂ ਦੀ ਸ਼ਹਿ 'ਤੇ ਸਾਨੂੰ ਤੰਗ ਕਰਦੀ ਹੈ। ਡੀ ਐਸ ਪੀ ਗਿੱਦੜਬਾਹਾ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਪ੍ਰੀਜ਼ਾਈਡਿੰਗ ਅਫ਼ਸਰ ਦੀ ਸ਼ਿਕਾਇਤ ਤੋਂ ਬਾਅਦ ਕੇਸ ਦਰਜ ਕੀਤਾ ਗਿਆ ਹੈ।

ਦੂਸਰੇ ਪਾਸੇ ਜ਼ਿਲਾ ਬਠਿੰਡਾ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਚੋਣਾਂ ਮੌਕੇ ਹਲਕਾ ਰਾਮਪੁਰਾ ਫੂਲ ਦੇ ਵੱਖ ਵੱਖ ਪਿੰਡਾਂ ਵਿੱਚ ਕਾਂਗਰਸੀਆਂ ਵੱਲੋਂ ਬੂਥਾਂ ਉੱਤੇ ਕਬਜ਼ੇ ਅਤੇ ਫਾਇਰਿੰਗ ਅਤੇ ਅਕਾਲੀ ਵਰਕਰਾਂ ਦੀ ਕੁੱਟ-ਮਾਰ ਦੇ ਰੋਸ ਵਜੋਂ ਅੱਜ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਹੇਠ ਹਲਕਾ ਰਾਮਪੁਰਾ ਫੂਲ ਦੇ ਅਕਾਲੀ ਵਰਕਰਾਂ ਅਤੇ ਉਮੀਦਵਾਰਾਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੋਸ ਧਰਨਾ ਦਿੱਤਾ। ਇਸ ਮੌਕੇ ਪੰਜਾਬ ਦੀ ਕਾਂਗਰਸ ਸਰਕਾਰ ਅਤੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਧਰਨੇ ਦੌਰਾਨ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਦੋਸ਼ ਲਾਇਆ ਕਿ ਵੋਟਾਂ ਦੌਰਾਨ ਕਾਂਗਰਸੀਆਂ ਨੇ ਪਿੰਡ ਸਲਾਬਤਪੁਰਾ, ਭਾਈ ਰੂਪਾ, ਕਾਂਗੜ, ਦੂੱਲੇਵਾਲਾ, ਦਿਆਲਪੁਰਾ ਮਿਰਜ਼ਾ, ਹਰਨਾਮ ਸਿੰਘ ਵਾਲਾ ਅਤੇ ਜਲਾਲ ਵਿੱਚ ਬੂਥਾਂ ਉਤੇ ਕਬਜ਼ਾ ਕਰਕੇ ਜਾਅਲੀ ਵੋਟਾਂ ਪਾਈਆਂ ਅਤੇ ਫਾਇਰਿੰਗ ਕਰਕੇ ਅਕਾਲੀ ਵਰਕਰਾਂ ਨੂੰ ਬਾਹਰ ਕੱਢਿਆ ਤੇ ਕੁੱਟਮਾਰ ਕੀਤੀ। ਉਨ੍ਹਾਂ ਕਿਹਾ ਕਿ ਕਈ ਪਿੰਡਾਂ ਵਿੱਚ ਵਾਹਨਾਂ ਦੀ ਭੰਨ-ਤੋੜ ਵੀ ਹੋਈ ਅਤੇ ਦਿਆਲਪੁਰ ਮਿਰਜਾ ਵਿੱਚ ਕਾਂਗਰਸੀ ਬਕਸੇ ਚੁੱਕ ਕੇ ਲੈ ਗਏ। ਮਲੂਕਾ ਨੇ ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ 'ਤੇ ਦੋਸ਼ ਲਾਇਆ ਕਿ 100 ਦੇ ਕਰੀਬ ਗੱਡੀਆਂ ਅਤੇ 250 ਦੇ ਕਰੀਬ ਹਥਿਆਰਾਂ ਨਾਲ ਲੈਸ ਕਾਫ਼ਲੇ ਪਿੰਡਾਂ ਵਿੱਚ ਭੇਜ ਕੇ ਗੁੰਡਾਗਰਦੀ ਕੀਤੀ ਗਈ। ਉਨ੍ਹਾਂ ਪੁਲੀਸ 'ਤੇ ਕਾਂਗਰਸ ਦਾ ਸਾਥ ਦੇਣ ਦੇ ਦੋਸ਼ ਲਾਏ ਤੇ ਇਸ ਮੌਕੇ ਚੋਣ ਕਮਿਸ਼ਨ, ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਬਠਿੰਡਾ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਜਿਹੜੇ ਪਿੰਡਾਂ ਵਿੱਚ ਕਾਂਗਰਸੀਆਂ ਨੇ ਜਾਅਲੀ ਵੋਟਾਂ ਭੁਗਤਾਈਆਂ ਹਨ, ਓਥੇ ਚੋਣਾਂ ਰੱਦ ਕੀਤੀਆਂ ਜਾਣ।

## ਕੋਰਟ ਆਫ ਅਪੀਲ ਵੱਲੋਂ ਫੋਰਡ ਸਰਕਾਰ ਨੂੰ ਰਾਹਤ

**ਬਿੱਲ 5 ਉੱਤੇ ਸਟੇਅ ਨੂੰ ਦਿੱਤੀ ਮਨਜ਼ੂਰੀ**



ਓਨਟਾਰੀਓ, 20 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਕੋਰਟ ਆਫ ਅਪੀਲ ਵੱਲੋਂ ਪ੍ਰੀਮੀਅਰ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਦੇ ਪੱਖ ਵਿੱਚ ਫੈਸਲਾ ਸੁਣਾਇਆ ਗਿਆ। ਬਿੱਲ 5, ਦ ਬੈਟਰ ਲੋਕਲ ਗਵਰਮੈਂਟ ਐਕਟ, ਨੂੰ ਖਤਮ ਕਰਨ ਲਈ ਸੁਪੀਰੀਅਰ ਕੋਰਟ ਦੇ ਜੱਜ ਵੱਲੋਂ ਸੁਣਾਏ ਫੈਸਲੇ ਉੱਤੇ ਫੋਰਡ ਸਰਕਾਰ ਵੱਲੋਂ ਮੰਗੀ ਸਟੇਅ ਕੋਰਟ ਆਫ ਅਪੀਲ ਵੱਲੋਂ ਮਨਜ਼ੂਰ ਕਰ ਲਈ ਗਈ।

ਇਹ ਬਿੱਲ ਟੋਰਾਂਟੋ ਕਾਉਂਸਲ ਦੀਆਂ ਮੌਜੂਦਾ 47 ਸੀਟਾਂ ਵਿੱਚ ਕਟੌਤੀ ਕਰਕੇ ਇਨ੍ਹਾਂ ਨੂੰ 25 ਕਰਨ ਲਈ ਲਿਆਂਦਾ ਗਿਆ ਸੀ। ਇਸ ਸਟੇਅ ਤੋਂ ਭਾਵ ਇਹ ਹੈ ਕਿ ਹੁਣ ਟੋਰੀਜ਼ ਨੂੰ ਬਿੱਲ 31, ਦ ਐਫੀਸ਼ਿਐਂਟ ਲੋਕਲ ਗਵਰਮੈਂਟ ਐਕਟ, ਪਾਸ ਕਰਵਾਉਣ ਲਈ ਚਾਰਟਰ ਦੇ ਨੌਟਵਿਦਸਟੈਂਡਿੰਗ ਕਲਾਜ਼ ਦਾ ਸਹਾਰਾ ਲੈਣ ਦੀ ਲੋੜ ਨਹੀਂ ਪਵੇਗੀ।

ਸਰਕਾਰ ਦੇ ਹਾਊਸ ਲੀਡਰ ਟੌਡ ਸਮਿੱਥ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੁਣ ਬਿੱਲ 31 ਲਿਆਉਣ ਦੀ ਕੋਈ ਲੋੜ ਨਹੀਂ ਰਹਿ ਗਈ। ਅਸੀਂ ਫੈਸਲੇ ਤੋਂ ਖੁਸ਼ ਹਾਂ। ਸਾਨੂੰ ਇੰਜ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਜੋ ਵੀ ਕਰ ਰਹੇ ਹਾਂ ਉਹ ਸਹੀ ਹੈ। ਅਸੀਂ ਇਸ ਗੱਲ ਤੋਂ ਖੁਸ਼ ਹਾਂ ਕਿ ਬਿੱਲ 31 ਉੱਤੇ ਹੁਣ ਬਹਿਸ ਨਹੀਂ ਕਰਵਾਉਣੀ ਪੈਣੀ। ਉਨ੍ਹਾਂ ਆਖਿਆ ਕਿ ਜੇ ਸਾਨੂੰ ਬਿੱਲ 31 ਉੱਤੇ ਬਹਿਸ ਕਰਵਾਉਣੀ ਪੈਂਦੀ ਅਸੀਂ ਉਸ ਲਈ ਵੀ ਤਿਆਰ ਸੀ। ਇਸ ਦੌਰਾਨ ਮਿਉਂਸਪਲ ਅਫੇਅਰਜ਼ ਮੰਤਰੀ ਸਟੀਵ ਕਲਾਰਕ ਨੇ ਆਖਿਆ ਕਿ ਅਸੀਂ ਖੁਸ਼ ਹਾਂ ਕਿ ਹੁਣ ਅਸੀਂ ਬਿੱਲ 5 ਨਾਲ ਅੱਗੇ ਵੱਧ ਸਕਦੇ ਹਾਂ।

# ਛੱਤੀਸਗੜ੍ਹ ਵਿੱਚ ਮਾਇਆਵਤੀ ਵੱਲੋਂ ਅਜੀਤ ਜੋਗੀ ਨਾਲ ਗਠਜੋੜ, ਕਾਂਗਰਸ ਨੂੰ ਝਟਕਾ

*** ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਵੀ ਬਸਪਾ ਇਕੱਲੇ ਲੜੇਗੀ**



ਰਾਏਪੁਰ, 20 ਸਤੰਬਰ, (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਨੇ ਛੱਤੀਸਗੜ੍ਹ ਵਿੱਚ ਕਾਂਗਰਸ ਨਾਲ ਗਠਜੋੜ ਲਈ ਕਾਫੀ ਸਮੇਂ ਤੋਂ ਚੱਲ ਰਹੀਆਂ ਅਟਕਲਾਂ ਉੱਤੇ ਕਾਟਾ ਮਾਰਦੇ ਹੋਏ ਅੱਜ ਓਥੋਂ ਦੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਵੱਲੋਂ ਨਵੀਂ ਬਣਾਈ ਗਈ 'ਜਨਤਾ ਕਾਂਗਰਸ' ਨਾਲ ਗਠਜੋੜ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਬਸਪਾ ਦੀ ਮੁਖੀ ਮਾਇਆਵਤੀ ਤੇ ਜਨਤਾ ਕਾਂਗਰਸ ਦੇ ਪ੍ਰਧਾਨ ਅਜੀਤ ਜੋਗੀ ਨੇ ਇੱਕ ਲਿਖਤੀ ਬਿਆਨ ਜਾਰੀ ਕਰ ਕੇ ਦੱਸਿਆ ਹੈ ਕਿ ਛੱਤੀਸਗੜ੍ਹ ਦੀ 90 ਮੈਂਬਰੀ ਵਿਧਾਨ ਸਭਾ ਵਿੱਚ ਜਨਤਾ ਕਾਂਗਰਸ 55 ਸੀਟਾਂ ਅਤੇ ਬਹੁਜਨ ਸਮਾਜ ਪਾਰਟੀ 35 ਸੀਟਾਂ ਉਤੇ ਚੋਣ ਲੜੇਗੀ ਤੇ ਗਠਜੋੜ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਅਜੀਤ ਜੋਗੀ ਹੋਣਗੇ। ਦੋਵਾਂ ਨੇਤਾਵਾਂ ਦੇ ਸਾਂਝੇ ਬਿਆਨ ਮੁਤਾਬਕ ਪਿਛਲੇ 15 ਸਾਲਾਂ 'ਚ ਛੱਤੀਸਗੜ੍ਹ ਦਾ ਗੈਰ ਸੰਤੁਲਿਤ ਵਿਕਾਸ ਹੋਇਆ ਹੈ। ਭਾਜਪਾ ਦੇ ਰਾਜ ਵਿੱਚ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋਏ ਤੇ ਕੌਮੀ ਪੱਧਰ ਉਤੇ ਛੱਤੀਸਗੜ੍ਹ ਦੇ ਇਸ ਪਾੜੇ ਨੂੰ ਖਤਮ ਕਰਨ ਲਈ ਮਜ਼ਬੂਤ ਖੇਤਰੀ ਲੀਡਰਸ਼ਿਪ ਦੀ ਲੋੜ ਵਾਸਤੇ ਇਹ ਗਠਜੋੜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਛੱਤੀਸਗੜ੍ਹ ਦਾ ਵੱਖਰਾ ਰਾਜ ਬਣਨ ਪਿੱਛੋਂ ਏਥੇ ਸਾਲ 2003, 2008 ਅਤੇ 2013 ਵਿੱਚ ਵਿਧਾਨ ਸਭਾ ਚੋਣਾਂ ਹੋਈਆਂ ਹਨ। ਇਨ੍ਹਾਂ ਤਿੰਨਾਂ ਚੋਣਾਂ 'ਚ ਭਾਜਪਾ ਜਿੱਤ ਗਈ, ਪਰ ਉਸ ਦੀ ਜਿੱਤ ਦਾ ਫਰਕ 3 ਫੀਸਦੀ ਤੋਂ ਘੱਟ ਰਿਹਾ ਸੀ ਅਤੇ ਤਿੰਨੇ ਵਾਰ ਹੀ ਬਸਪਾ ਨੂੰ ਇਸ ਰਾਜ ਵਿੱਚ ਲਗਭਗ 5 ਫੀਸਦੀ ਵੋਟਾਂ ਮਿਲੀਆਂ ਹਨ ਅਤੇ ਤਿੰਨੇ ਵਾਰ ਬਸਪਾ ਇਸ ਰਾਜ ਵਿੱਚ ਕਾਂਗਰਸ ਦੀ ਹਾਰ ਦਾ ਕਾਰਨ ਬਣੀ ਸੀ।

ਇਸ ਦੌਰਾਨ ਬਸਪਾ ਦੀ ਮੁਖੀ ਮਾਇਆਵਤੀ ਨੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਸਾਰੀਆਂ ਸੀਟਾਂ ਉੱਤੇ ਆਪਣੀ ਪਾਰਟੀ ਵੱਲੋਂ ਇਕੱਲੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਛੱਤੀਸਗੜ੍ਹ ਦੇ ਨਾਲ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵੀ ਬਸਪਾ ਦਾ ਕਾਂਗਰਸ ਨਾਲ ਸਮਝੌਤੇ ਤੋਂ ਬਿਨਾਂ ਚੋਣ ਲੜਨ ਦਾ ਐਲਾਨ ਕਾਂਗਰਸ ਦੀਆਂ ਅਗਲੇ ਸਾਲ ਪਾਰਲੀਮੈਂਟ ਚੋਣ ਮੌਕੇ ਮਹਾ-ਗੱਠਜੋੜ ਬਣਾਉਣ ਦੀਆਂ ਆਸਾਂ ਉੱਤੇ ਪਾਣੀ ਫੇਰ ਸਕਦਾ ਹੈ ਜਿਸ ਨਾਲ ਉਹ ਭਾਜਪਾ ਦੀ ਹਨੇਰੀ ਰੋਕਣ ਦੇ ਲਈ ਤਿਆਰੀਆਂ ਕਰ ਰਹੀ ਸੀ। ਬਸਪਾ ਦੀ ਮੁਖੀ ਮਾਇਆਵਤੀ ਨੇ ਕਿਹਾ ਕਿ ਬਸਪਾ ਮੱਧ ਪ੍ਰਦੇਸ਼ ਵਿੱਚ ਇਕਲਿਆਂ ਚੋਣ ਲੜੇਗੀ ਅਤੇ ਛੱਤੀਸਗੜ੍ਹ ਵਿੱਚ ਅਜੀਤ ਜੋਗੀ ਦੀ ਪਾਰਟੀ ਨਾਲ ਮਿਲ ਕੇ ਬਸਪਾ 35 ਸੀਟਾਂ ਤੋਂ ਆਪਣੇ ਉਮੀਦਵਾਰ ਖੜੇ ਕਰੇਗੀ। ਮਾਇਆਵਤੀ ਨੇ 35 ਵਿੱਚੋਂ 22 ਸੀਟਾਂ ਦੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ।

# ਜੈੱਟ ਏਅਰਵੇਜ਼ ਦੇ ਮੁਸਾਫਰਾਂ ਦੀ ਜਾਨ ਮਸਾਂ ਬਚੀ, ਪਾਇਲਟ ਘਰੇ ਬਿਠਾਏ ਗਏ



ਨਵੀਂ ਦਿੱਲੀ, 20 ਸਤੰਬਰ, (ਪੋਸਟ ਬਿਊਰੋ)- ਮੁੰਬਈ ਤੋਂ ਜੈਪੁਰ ਜਾਂਦੀ ਜੈੱਟ ਏਅਰਵੇਜ਼ ਦੀ ਉਡਾਨ 'ਚ ਅੱਜ ਵੀਰਵਾਰ ਨੂੰ ਜਹਾਜ਼ ਦੇ ਕਰਿਊ ਮੈਂਬਰ 'ਕੈਬਿਨ ਪ੍ਰੈੱਸ਼ਰ' ਕੰਟਰੋਲ ਕਰਨ ਦਾ ਸਿਸਟਮ ਚਲਾਉਣਾ ਭੁੱਲ ਗਏ, ਜਿਸ ਕਾਰਨ ਮੁਸਾਫ਼ਰਾਂ ਦੇ ਨੱਕ ਅਤੇ ਕੰਨਾਂ ਵਿੱਚੋਂ ਖ਼ੂਨ ਨਿਕਲਣ ਲੱਗ ਪਿਆ।

ਭਾਰਤ ਦੇ ਸ਼ਹਿਰੀ ਹਵਾਬਾਜ਼ੀ ਦੇ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਏ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਉਡਾਣ ਭਰਨ ਵੇਲੇ ਜਹਾਜ਼ ਦੇ ਕਰਿਊ ਮੈਂਬਰ 'ਬਲੀਡ ਸਵਿੱਚ' ਚਲਾਉਣਾ ਭੁੱਲ ਗਏ, ਜਿਸ ਕਾਰਨ ਕੈਬਿਨ ਦਾ ਪ੍ਰੈੱਸ਼ਰ ਕੰਟਰੋਲ ਨਹੀਂ ਸੀ ਕੀਤਾ ਜਾ ਸਕਿਆ। ਇਸ ਕਾਰਨ ਆਕਸੀਜ਼ਨ ਮਾਸਕ ਹੇਠਾਂ ਲਟਕ ਗਏ। ਜੈੱਟ ਏਅਰਵੇਜ਼ ਦੇ ਬੁਲਾਰੇ ਨੇ ਦੱਸਿਆ ਕਿ ਕੈਬਿਨ ਪ੍ਰੈੱਸ਼ਰ ਵਿੱਚ ਕਮੀ ਕਾਰਨ ਬੋਇੰਗ 737 ਜਹਾਜ਼ ਨੂੰ ਮੁੰਬਈ ਮੁੜਨਾ ਪਿਆ। ਜਾਂਚ ਪੂਰੀ ਹੋਣ ਤੱਕ ਜਹਾਜ਼ ਦੇ ਪਾਇਲਟਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਹੈ।

ਮੁੱਢਲੀ ਜਾਣਕਾਰੀ ਦੇ ਆਧਾਰ 'ਤੇ ਅਧਿਕਾਰੀ ਨੇ ਦੱਸਿਆ ਕਿ ਕੁਝ ਮੁਸਾਫ਼ਰਾਂ ਦੇ ਨੱਕ ਵਿੱਚੋਂ ਖ਼ੂਨ ਨਿਕਲਿਆ ਹੈ। ਉਨ੍ਹਾਂ ਦੱਸਿਆ, 'ਜਹਾਜ਼ ਵਿੱਚ 166 ਮੁਸਾਫ਼ਰ ਸਨ, ਜਿਨ੍ਹਾਂ ਵਿੱਚੋਂ 30 ਨੂੰ ਇਹ ਸਮੱਸਿਆ ਆਈ ਹੈ। ਕਈਆਂ ਦੇ ਨੱਕ ਤੇ ਕਈਆਂ ਦੇ ਕੰਨਾਂ ਵਿੱਚੋਂ ਖ਼ੂਨ ਨਿਕਲਿਆ ਹੈ ਤੇ ਕਈਆਂ ਨੂੰ ਸਿਰ ਪੀੜ ਹੋਈ।' ਜੈੱਟ ਏਅਰਵੇਜ਼ ਦੇ ਬੁਲਾਰੇ ਨੇ ਮੁਸਾਫ਼ਰਾਂ ਨੂੰ ਹੋਈ ਪ੍ਰੇਸ਼ਾਨੀ ਲਈ ਮੁਆਫ਼ੀ ਮੰਗੀ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਡੀ ਜੀ ਸੀ ਏ ਨੂੰ ਕਿਹਾ ਹੈ ਕਿ ਇਸ ਕੇਸ ਬਾਰੇ ਰਿਪੋਰਟ ਛੇਤੀ ਦਿੱਤੀ ਜਾਵੇ। ਹਵਾਈ ਹਾਦਸਿਆਂ ਬਾਰੇ ਜਾਂਚ ਬਿਊਰੋ ਦੇ ਅਧਿਕਾਰੀਆਂ ਦੇ ਮੁਤਾਬਕ ਮੁੱਢਲੇ ਤੌਰ 'ਤੇ ਇਹ ਅਣਗਹਿਲੀ ਦਾ ਮਾਮਲਾ ਹੈ। ਡੀ ਜੀ ਸੀ ਏ ਕਿਹਾ ਕਿ ਪਹਿਲਾਂ ਉਹ ਖੁਦ ਇਸ ਦੀ ਜਾਂਚ ਕਰਨਗੇ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸੁ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

# ਪੰਜਾਬ ਨੂੰ ਮਾਇਕ ਰਾਹਤ ਦੇ ਨਿਯਮਾਂ 'ਚ ਸੋਧ ਨਾਲ 1200 ਕਰੋੜ ਦਾ ਕਰਜ਼ਾ ਲੈਣਾ ਸੌਖਾ ਹੋਇਆ

## * ਸ਼ਾਹਪੁਰ ਕੰਢੀ ਡੈਮ ਫਿਰ ਸ਼ੁਰੂ ਹੋਵੇਗਾ, ਬਠਿੰਡਾ ਏਮਜ਼ ਨੂੰ ਜ਼ਮੀਨ ਮਿਲੇਗੀ
## * ਆਨੰਦਪੁਰ ਸਾਹਿਬ ਤੇ ਨੈਣਾ ਦੇਵੀ ਰੋਪਵੇਅ ਦੀ ਯੋਜਨਾ ਪ੍ਰਵਾਨ

ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਪੰਜਾਬ ਮੰਤਰੀ ਮੰਡਲ ਨੇ ਪੰਜਾਬ ਸਰਕਾਰ ਦੀ ਮਾਲੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧ ਐਕਟ-2003 ਦੇ ਨਿਯਮ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਰਾਜ ਸਰਕਾਰ ਨੂੰ 1200 ਕਰੋੜ ਰੁਪਏ ਕਰਜ਼ਾ ਮਿਲ ਜਾਵੇਗਾ। ਬਜਟ ਦੇ ਤਿੰਨ ਫੀਸਦੀ ਤੋਂ ਵੱਧ ਕਰਜ਼ਾ ਲੈਣ ਲਈ ਰਾਜ ਸਰਕਾਰ ਨੇ ਕੇਂਦਰ ਨੂੰ ਕਈ ਵਾਰ ਪਹੁੰਚ ਕੀਤੀ ਸੀ, ਪਰ ਸਫ਼ਲਤਾ ਨਹੀਂ ਮਿਲੀ। ਤਾਜ਼ਾ ਫ਼ੈਸਲੇ ਨਾਲ ਸੰਕਟ ਵਿਚ ਘਿਰੀ ਰਾਜ ਸਰਕਾਰ ਨੂੰ ਰਾਹਤ ਮਿਲੇਗੀ। ਅੱਜ ਹੀ ਮੰਤਰੀ ਮੰਡਲ ਨੇ ਸ਼ਾਹਪੁਰ ਕੰਢੀ ਡੈਮ ਦਾ ਕੰਮ ਮੁੜ ਸ਼ੁਰੂ ਕਰਨ, ਆਨੰਦਪੁਰ ਅਤੇ ਨੈਣਾ ਦੇਵੀ ਰੋਪਵੇਅ ਯੋਜਨਾ, ਸਾਉਣੀ ਦੀ ਖਰੀਦ ਵਾਸਤੇ ਕੈਸ਼ ਕਰੈਡਿਟ ਲਿਮਟ ਅਤੇ ਖਰੀਦ ਪ੍ਰਬੰਧਾਂ ਤੇ ਬਠਿੰਡਾ ਏਮਜ਼ ਨੂੰ ਜ਼ਮੀਨ ਦੇਣ ਦੇ ਫ਼ੈਸਲੇ ਵੀ ਪ੍ਰਵਾਨ ਕਰ ਲਏ ਹਨ ਅਤੇ ਕਈ ਹੋਰ ਫੈਸਲੇ ਵੀ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਮੰਤਰੀ ਮੰਡਲ ਨੇ ਅੱਜ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦਾ ਕੰਮ ਛੇਤੀ ਸ਼ੁਰੂ ਕਰਨ ਲਈ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਮੁੱਖ ਸਕੱਤਰਾਂ ਅਤੇ ਕਮਿਸ਼ਨਰ ਇੰਡਸ ਭਾਰਤ ਸਰਕਾਰ ਵੱਲੋਂ ਕੀਤੇ ਸਮਝੌਤੇ ਨੂੰ ਪਰਵਾਨ ਕਰ ਲਿਆ ਹੈ। ਕੈਬਨਿਟ ਮੀਟਿੰਗ ਪਿੱਛੋਂ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਪ੍ਰਾਜੈਕਟ ਤਿੰਨ ਸਾਲ ਵਿੱਚ ਪੂਰਾ ਹੋ ਜਾਣ ਨਾਲ 206 ਮੈਗਾਵਾਟ ਵਾਧੂ ਪਣ ਬਿਜਲੀ ਪੈਦਾ ਕਰੇਗਾ ਤੇ ਸਾਲਾਨਾ 852.73 ਕਰੋੜ ਰੁਪਏ ਦਾ ਸਿੰਜਾਈ ਅਤੇ ਬਿਜਲੀ ਦਾ ਲਾਭ ਹੋਵੇਗਾ। ਜੰਮੂ-ਕਸ਼ਮੀਰ ਸਰਕਾਰ ਵਿੱਚੋਂ ਆਪਣੇ ਹਿੱਸੇ ਦਾ ਪਾਣੀ ਪ੍ਰਾਪਤ ਕਰੇਗੀ।

ਇਸ ਦੌਰਾਨ ਅੱਜ ਪੰਜਾਬ ਸਰਕਾਰ ਨੇ ਅਹਿਮ ਫ਼ੈਸਲਾ ਲੈਂਦੇ ਹੋਏ 'ਪੰਜਾਬ ਮਾਲੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ-2003' ਨੂੰ ਲਾਗੂ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ਼ ਮਿਥੇ ਸਮੇਂ ਵਿੱਚ ਵਿਸ਼ੇਸ਼ ਟੀਚਾ ਪ੍ਰਾਪਤ ਕਰਨਾ ਹੈ। ਵਿੱਤ ਮੰਤਰੀ ਨੇ ਦੱਸਿਆ ਇਹ ਐਕਟ ਲਾਗੂ ਕਰਨ ਲਈ ਨਿਯਮ ਹੋਣੇ ਜ਼ਰੂਰੀ ਹਨ ਕਿਉਂਕਿ ਰਾਜ ਸਰਕਾਰ ਦੇ ਏਸ਼ੀਅਨ ਡਿਵੈਲਪਮੈਂਟ ਬੈਂਕ ਨਾਲ ਸਮਝੌਤੇ ਹੇਠ ਪੰਜਾਬ ਨੂੰ 20 ਕਰੋੜ ਡਾਲਰ ਦਾ ਕਰਜ਼ਾ ਮਿਲੇਗਾ। ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਰਹੀ ਝੋਨੇ ਦੀ ਖਰੀਦ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਦਾ ਕੈਬਨਿਟ ਨੇ ਜਾਇਜ਼ਾ ਲਿਆ ਹੈ। ਇਸ ਵਾਰ ਝੋਨੇ ਦੀ ਕਰੀਬ 200 ਲੱਖ ਮੀਟਰਿਕ ਟਨ ਖਰੀਦ ਦੇ ਪ੍ਰਬੰਧ ਕੀਤੇ ਗਏ ਹਨ। ਸਰਕਾਰੀ ਏਜੰਸੀਆਂ ਦੀ 190 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਲਈ ਕੁੱਲ 40,300 ਕਰੋੜ ਰੁਪਏ ਦੇ ਕੈਸ਼ ਕਰੈਡਿਟ ਲਿਮਿਟ ਦੀ ਲੋੜ ਹੈ ਤੇ ਇਸ ਬਾਰੇ ਪ੍ਰਬੰਧ ਅਗੇਤਾ ਕੀਤਾ ਜਾਵੇਗਾ। ਪੰਜਾਬ ਮੰਡੀ ਬੋਰਡ ਨੇ 1834 ਖਰੀਦ ਕੇਂਦਰ ਨੋਟੀਫਾਈ ਕੀਤੇ ਹਨ, ਜਿੱਥੋਂ ਖਰੀਦ ਏਜੰਸੀਆਂ ਵਿਚਕਾਰ ਮੰਡੀਆਂ ਦੀ ਅਲਾਟਮੈਂਟ ਸਾਉਣੀ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਜਾਵੇਗੀ।

ਬਠਿੰਡਾ ਵਿੱਚ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਬਣਾਉਣ ਲਈ ਮੰਤਰੀ ਮੰਡਲ ਨੇ ਜ਼ਮੀਨ ਦੇ ਵੱਖ-ਵੱਖ ਟੁੱਕੜੇ ਭਾਰਤ ਸਰਕਾਰ ਦੇ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ, ਜਿਸ ਵਿੱਚ ਚਾਰ ਏਕੜ ਇਕ ਕਨਾਲ 13 ਮਰਲੇ ਜ਼ਮੀਨ ਸ਼ਾਮਲ ਹੈ। ਸਰਕਾਰ ਨੇ ਟੂਰਿਜ਼ਮ ਉਤਸ਼ਾਹਤ ਕਰਨ ਲਈ ਜਨਤਕ-ਨਿੱਜੀ ਭਾਈਵਾਲੀ ਨਾਲ ਅਨੰਦਪੁਰ ਸਾਹਿਬ ਤੇ ਨੈਣਾ ਦੇਵੀ ਵਿਚਾਲੇ ਰੋਪਵੇਅ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੀ ਇੱਕ ਕਰੋੜ ਰੁਪਏ ਦੀ ਲਾਗਤ ਵਿੱਚ ਪੰਜਾਬ ਅਤੇ ਹਿਮਾਚਲ ਪ੍ਰਦੇਸ਼ 50-50 ਲੱਖ ਰੁਪਏ ਦਾ ਹਿੱਸਾ ਪਾਉਣਗੇ।

# ਅਮਰੀਕਾ ਦੀ ਸਰਕਾਰੀ ਰਿਪੋਰਟ ਮੁਤਾਬਕ ਪਾਕਿ ਨੇ ਅੱਤਵਾਦੀਆਂ ਖਿਲਾਫ ਕਦਮ ਨਹੀਂ ਚੁੱਕੇ

ਵਾਸ਼ਿੰਗਟਨ, 20 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਸਰਕਾਰ ਦੀ ਰਾਏ ਹੈ ਕਿ ਜੈਸ਼-ਏ-ਮੁਹੰਮਦ ਅਤੇ ਲਕਸ਼ਰ-ਏ-ਤੋਇਬਾ ਵਰਗੇ ਅੱਤਵਾਦੀ ਸੰਗਠਨ ਹਾਲੇ ਵੀ ਏਸ਼ੀਆਈ ਖੇਤਰ ਵਿੱਚ ਵੱਡਾ ਖਤਰਾ ਬਣੇ ਹੋਏ ਹਨ ਤੇ ਪਾਕਿਸਤਾਨ ਨੇ ਸਾਲ 2017 ਵਿੱਚ ਅੱਤਵਾਦ 'ਤੇ ਅਮਰੀਕੀ ਚਿੰਤਾ ਦੇ ਹੱਲ ਲਈ ਕੋਈ ਕਦਮ ਨਹੀਂ ਚੁੱਕੇ।

ਇਸ ਸੰਬੰਧ ਵਿੱਚ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਸਾਲ 2017 ਲਈ ਅੱਤਵਾਦ ਬਾਰੇ ਸਾਲਾਨਾ ਰਿਪੋਰਟ ਵਿੱਚ ਕਿਹਾ ਕਿ ਭਾਵੇਂ ਅਫਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਅਲ ਕਾਇਦਾ ਕਾਫੀ ਕਮਜ਼ੋਰ ਹੋਇਆ ਹੈ, ਪਰ ਭਾਰਤੀ ਉਪ-ਮਹਾਦੀਪ ਦੇ ਖੇਤਰ ਵਿੱਚ ਉਸ ਦੇ ਟੋਲੇ ਦੂਰਾਡੀਆਂ ਥਾਂਵਾਂ 'ਤੇ ਪੂਰੀ ਤਰ੍ਹਾਂ ਸਰਗਰਮ ਹਨ। ਇਤਿਹਾਸਕ ਰੂਪ ਤੋਂ ਉਨ੍ਹਾਂ ਟੋਲਿਆਂ ਨੇ ਇਨ੍ਹਾਂ ਥਾਂਵਾਂ ਦੀ ਵਰਤੋਂ ਟਿਕਾਣੇ ਵਜੋਂ ਕੀਤੀ ਹੈ। ਬੁੱਧਵਾਰ ਨੂੰ ਜਾਰੀ ਹੋਈ ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਪਾਕਿਸਤਾਨ ਵਿਚਲੇ ਜੈਸ਼-ਏ-ਮੁਹੰਮਦ ਅਤੇ ਲਕਸ਼ਰ-ਏ-ਤੋਇਬਾ ਇਸ ਉਪ-ਮਹਾਦੀਪ ਵਿੱਚ ਹਾਲੇ ਤੱਕ ਰੀਜਨਲ ਖਤਰਾ ਹਨ। ਰਿਪੋਰਟ ਮੁਤਾਬਕ 2017 'ਚ ਅਗਸਤ ਤੋਂ ਦਸੰਬਰ ਤੱਕ ਟਰੰਪ ਸਰਕਾਰ ਨੇ ਪਾਕਿਸਤਾਨ ਨੂੰ ਵਿਦੇਸ਼ ਫੌਜੀ ਮਦਦ ਦੇ ਨਵੇਂ ਫੰਡ 'ਤੇ ਰੋਕ ਲਾਈ ਰੱਖੀ ਤਾਂ ਕਿ ਉਹ ਆਪਣੇ ਕੋਲ ਟਿਕਣ ਦਾ ਲਾਭ ਉਠਾ ਰਹੇ ਹੱਕਾਨੀ ਨੈੱਟਵਰਕ ਅਤੇ ਹੋਰ ਅੱਤਵਾਦੀ ਸੰਗਠਨਾਂ ਸਮੇਤ ਵੱਖ-ਵੱਖ ਗਰੁੱਪਾਂ ਬਾਰੇ ਅਮਰੀਕਾ ਦੀ ਚਿੰਤਾ ਦਾ ਹੱਲ ਕਰੇ।

ਅਮਰੀਕਾ ਦੀ ਇਸ ਰਿਪੋਰਟ ਮੁਤਾਬਕ ਪਾਕਿਸਤਾਨ ਦੀ ਕੌਮੀ ਕਾਰਜ ਯੋਜਨਾ ਇਹ ਭਰੋਸਾ ਦੇਂਦੀ ਹੈ ਕਿ ਇਸ ਦੇਸ਼ 'ਚ ਕਿਸੇ ਵੀ ਹਥਿਆਰਬੰਦ ਗਰੁੱਪ ਨੂੰ ਖੁੱਲ੍ਹ ਨਹੀਂ, ਪਰ ਦੇਸ਼ ਤੋਂ ਬਾਹਰ ਹਮਲਾ ਕਰਦੇ ਸੰਗਠਨ 2017 ਵਿੱਚ ਵੀ ਪਾਕਿਸਤਾਨ ਤੋਂ ਸਰਗਰਮੀ ਕਰਦੇ ਰਹੇ ਸਨ, ਜਿਨ੍ਹਾਂ ਵਿੱਚ ਲਕਸ਼ਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ ਦੇ ਨਾਲ ਹੱਕਾਨੀ ਨੈੱਟਵਰਕ ਵੀ ਹੈ। ਲਕਸ਼ਰ ਅਤੇ ਜੈਸ਼ ਦੇ ਨਿਸ਼ਾਨੇ ਉਤੇ ਹਮੇਸ਼ਾ ਭਾਰਤ ਹੁੰਦਾ ਹੈ। ਰਿਪੋਰਟ ਮੁਤਾਬਕ ਪਾਕਿਸਤਾਨੀ ਫੌਜ ਨੇ ਦੇਸ਼ ਵਿੱਚ ਹਮਲਾ ਕਰਨ ਵਾਲੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਆਦਿ ਸੰਗਠਨਾਂ ਵਿਰੁਧ ਮੁਹਿੰਮ ਚਲਾਈ, ਪਰ ਲਕਸ਼ਰ-ਏ-ਤੋਇਬਾ, ਜੈਸ਼-ਏ-ਮੁਹੰਮਦ ਵਰਗੇ ਸੰਗਠਨਾਂ, ਜਿਹੜੇ ਸਰਹੱਦ ਤੋਂ ਪਾਰ ਜਾ ਕੇ ਕਾਰਵਾਈ ਕਰਦੇ ਹਨ, ਦੇ ਖਿਲਾਫ ਸਖਤ ਕਾਰਵਾਈ ਨਹੀਂ ਕੀਤੀ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸੰਬੰਧੀ ਪ੍ਰੋਗਰਾਮ 29 ਨੂੰ

(ਬਰੈਂਪਟਨ/ਬਾਸੀ ਹਰਚੰਦ) ਪੰਜਾਬੀ ਸੱਭਿਆਚਾਰ ਮੰਚ ਟਰੋਂਟੋ ਦੇ ਜਨਰਲ ਸਕੱਤਰ ਕਾ: ਸੁਖਦੇਵ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ 29 ਸਤੰਬਰ 2018 ਦਿਨ ਸਨਿਚਰਵਾਰ ਨੂੰ 12-00ਵਜੇ ਤੋਂ 4-00 ਵਜੇ ਤੱਕ ਮਨਾਇਆ ਜਾਏਗਾ। ਉਸ ਲੋਕ ਨਾਇਕ ਦਾ ਜਨਮ ਦਿਨ ਗੁਰੂ ਤੇਗ ਬਹਾਦਰ ਪਬਲਕਿ ਸਕੂਲ ਦੇ ਹਾਲ ਵਿੱਚ ਮਨਾਇਆ ਜਾਏਗਾ। ਇਹ ਸਕੂਲ ਸੈਂਡਲਵੁਡ/ਕਨੇਡੀ ਇੰਟਰ ਸੈਕਸ਼ਨ ਵਾਲੇ ਹਾਰਟ ਲੇਕ ਪਲਾਜ਼ੇ ਵਿੱਚ ਮੈਕਡੋਨਲ ਦੇ ਨਾਲ ਸਥਿਤ ਹੈ। ਹਰ ਪਾਸੇ ਤੋਂ ਬੱਸ ਦੀ ਸੌਖੀ ਪਹੁੰਚ ਹੈ।

ਉਸ ਮਹਾਨ ਯੋਧੇ ਨੇ ਭਾਰਤ ਦੇ ਗਲੋਂ ਅੰਗਰੇਜ਼ਾਂ ਦੀ ਗੁਲਾਮੀ ਲਾਹੁਣ ਲਈ ਸਾਥੀਆਂ ਨਾਲ ਰਲ ਕੇ ਇਨਕਲਾਬੀ ਸਰਗਰਮੀਆਂ ਕੀਤੀਆਂ । ਅੰਗਰੇਜ਼ਾਂ ਨੇ ਉਸ ਦੀਆਂ ਸਰਗਰਮੀਆਂ ਨੂੰ ਆਪਣੇ ਰਾਜ ਲਈ ਖਤਰਨਾਕ ਸਮਝਦਿਆਂ ਉਸ ਨੂੰ ਬੜੀ ਛੋਟੀ ਉਮਰ ਵਿੱਚ ਫਾਂਸੀ ਦੇ ਦਿਤੀ।

ਸੱਭ ਪ੍ਰਗਤੀਸ਼ੀਲ ਵਿਅਕਤੀਆਂ, ਬੁਧੀਜੀਵੀਆਂ, ਸਮਾਜ ਸੇਵੀ ਕਾਰਕੁਨਾਂ ਅਤੇ ਸੱਭ ਲੋਕਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਆਉ ਰਲ ਕੇ ਉਹਨਾਂ ਨੂੰ ਯਾਦ ਕਰੀਏ ਅਤੇ ਚੰਗੇ ਭਵਿਖ ਲਈ ਸੋਸ਼ਨ ਰਹਿਤ ਸਮਾਜ ਸਿਰਜਣ ਦੀ ਪ੍ਰੇਰਨਾ ਲਈਏ। ਨਾਮਵਰ ਸਖਸ਼ੀਅਤਾਂ ਦੇ ਭਾਸ਼ਨ ਹੋਣਗੇ ਕਵੀ ਸੱਝਣਾ ਨੂੰ ਸਮਾਂ ਮਿਲੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ 647-328-7045, ਕਾ: ਸੁਖਦੇਵ ਸਿੰਘ ਧਾਲੀਵਾਲ 647-298-7250, ਹਰਚੰਦ ਸਿੰਘ ਬਾਸੀ 647-786-9502, ਸੁਰਿੰਦਰ ਗਿੱਲ 905-460-5544

ਨੋਟ: ਅਖ਼ਬਾਰ ਦੇ 20 ਸਤੰਬਰ ਵਾਲੇ ਅੰਕ ਵਿਚ ਖਬਰ ਦੀ ਹੈਡਿੰਗ ਵਿੱਚ 29 ਸਤੰਬਰ ਦੀ ਥਾਂ ਗਲਤੀ ਨਾਲ 20 ਸਤੰਬਰ ਲਿਖਿਆ ਗਿਆ ਸੀ ਸੋ ਇਸ ਨੂੰ 29 ਸਤੰਬਰ ਪੜ੍ਹਿਆ ਜਾਵੇ।

# ਦਿੱਲੀ ਦੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਤਿੰਨ ਸਿੱਖ ਜਰਨੈਲਾਂ ਦੇ ਬੁੱਤ ਲਵਾਏ ਜਾਣਗੇ

ਚੰਡੀਗੜ੍ਹ, 20 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿਲੀ ਦੇ ਲੋਕਾਂ ਨੂੰ ਸਿੱਖ ਇਤਿਹਾਸ ਦੇ ਭੁੱਲੇ-ਵਿੱਸਰੇ ਕਾਂਡ ਚੇਤੇ ਕਰਵਾਉਣ ਲਈ ਗਵਾਲੀਅਰ ਦੇ ਪ੍ਰਭਾਤ ਮੂਰਤੀ ਕਲਾ ਕੇਂਦਰ ਵੱਲੋਂ ਤਿੰਨ ਸਿੱਖ ਜਰਨੈਲਾਂ ਬਾਬਾ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਦੇ ਕਾਂਸੀ ਦੇ ਬੁੱਤ ਤਿਆਰ ਕੀਤੇ ਜਾ ਰਹੇ ਹਨ, ਜੋ ਏਥੇ ਲਾਏ ਜਾਣੇ ਹਨ। ਇਨ੍ਹਾਂ ਤਿੰਨਾਂ ਜਰਨੈਲਾਂ ਦੀ ਅਗਵਾਈ ਹੇਠ ਸਿੱਖ ਫੌਜਾਂ ਨੇ 1783 'ਚ ਮੁਗਲ ਬਾਦਸ਼ਾਹ ਸ਼ਾਹ ਆਲਮ-ਦੂਜੇ ਨੂੰ ਹਰਾ ਕੇ ਦਿਲੀ 'ਤੇ ਕਬਜ਼ਾ ਕੀਤਾ ਅਤੇ ਲਾਲ ਕਿਲ੍ਹੇ ਉੱਤੇ ਨਿਸ਼ਾਨ ਸਾਹਿਬ ਝੁਲਾਇਆ ਸੀ।

ਮਿਲੀ ਜਾਣਕਾਰੀ ਅਨੁਸਰ ਇਹ ਬੁੱਤ ਲਾਉਣ ਦਾ ਆਰਡਰ ਦਿਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ (ਡੀ ਐਸ ਜੀ ਐਮ ਸੀ) ਨੇ ਦਿੱਤਾ ਹੈ। ਇਸ ਕਮੇਟੀ ਵੱਲੋਂ ਪਿਛਲੇ ਚਾਰ ਸਾਲਾਂ ਤੋਂ 'ਦਿਲੀ ਫਤਹਿ ਦਿਵਸ' ਵੀ ਮਨਾਏ ਜਾ ਰਹੇ ਹਨ। ਡੀ ਐਸ ਜੀ ਐਮ ਸੀ ਦੇ ਜਨਰਲ ਸਕੱਤਰ ਅਤੇ ਅਕਾਲੀ ਆਗੂ ਮਨਜਿੰਦਰ ਸਿਘ ਸਿਰਸਾ ਨੇ ਕਿਹਾ, 'ਤਿੰਨਾਂ ਬੁੱਤਾਂ ਵਿੱਚੋਂ ਹਰ ਕਿਸੇ ਦੀ ਉਚਾਈ 12 ਫੁੱਟ ਅਤੇ ਭਾਰ 1200 ਤੋਂ 1400 ਕਿੱਲੋ ਹੋਵੇਗਾ। ਇਹ ਬੁੱਤ ਅਗਲੇ ਮਹੀਨੇ ਪੱਛਮੀ ਦਿਲੀ ਦੇ ਸੁਭਾਸ਼ ਨਗਰ ਮੈਟਰੋ ਸਟੇਸ਼ਨ ਅਤੇ ਨਜਫਗੜ੍ਹ ਰੋਡ ਦੇ ਸਾਹ-ਮਣੇ ਪਾਰਕ ਵਿੱਚ ਲਾਏ ਜਾਣਗੇ, ਜਿੱਥੋਂ ਰੋਜ਼ ਕਰੀਬ 20 ਲੱਖ ਲੋਕ ਲੰਘਦੇ ਹਨ। ਆਸ ਹੈ ਕਿ ਸਾਡਾ ਪ੍ਰਾਜੈਕਟ ਇਨ੍ਹਾਂ ਸਿੱਖ ਜਰਨੈਲਾਂ ਦੇ ਸ਼ਾਨਾਂ ਮੱਤੇ ਇਤਿਹਾਸ ਅਤੇ ਉਨ੍ਹਾਂ ਦੇ ਸਿੱਖਾਂ ਤੇ ਦੇਸ਼ ਲਈ ਕੀਤੇ ਹੋਏ ਕੰਮਾਂ ਨੂੰ ਲੋਕਾਂ ਤੱਕ ਪੁਚਾ ਸਕੇਗਾ।'



ਦਿੱਲੀ 'ਚ ਸਥਾਪਤ ਕਰਨ ਲਈ ਬਣਾਏ ਜਾ ਰਹੇ ਤਿੰਨ ਸਿੱਖ ਜਰਨੈਲਾਂ ਦੇ ਬੁੱਤ ਅਤੇ (ਇਨਸੈੱਟ) ਬੁੱਤ ਬਣਾਉਣ ਵਾਲੇ ਕੇਂਦਰ ਦਾ ਮੁਖੀ ਪ੍ਰਭਾਤ ਰਾਏ।

ਰਾਜੌਰੀ ਗਾਰਡਨ ਦੇ ਵਿਧਾਇਕ ਮਨਜਿੰਦਰ ਸਿੰਘਾਂ ਸਿਰਸਾ ਨੇ ਕਿਹਾ, 'ਦਿਲੀ ਦੇ ਬਹੁਤੇ ਲੋਕ ਇਹ ਵੀ ਨਹੀਂ ਜਾਣਦੇ ਕਿ ਤੀਸ ਹਜ਼ਾਰੀ ਅਦਾਲਤ ਦਾ ਨਾਂ ਬਾਬਾ ਬਘੇਲ ਸਿੰਘ ਦੇ 30 ਹਜ਼ਾਰ ਜਵਾਨਾਂ ਦੀ ਫੌਜ ਵੱਲੋਂ ਇਸ ਇਲਾਕੇ 'ਚ ਠਹਿਰਨ ਕਰ ਕੇ ਪਿਆ ਸੀ ਅਤੇ ਪੁਲ ਮਿਠਾਈ ਉਹ ਥਾਂ ਹੈ, ਜਿੱਥੇ ਸਿੱਖ ਫੌਜੀ ਲੋਕਾਂ ਨੂੰ ਮਠਿਆਈ ਵੰਡਦੇ ਸਨ ਅਤੇ ਮੋਰੀ ਗੇਟ ਦਾ ਨਾਂ ਸਿੱਖ ਫੌਜੀਆਂ ਵੱਲੋਂ ਲਾਲ ਕਿਲ੍ਹੇ ਵਿੱਚ ਵੜਨ ਵਾਸਤੇ ਇਸ ਦੀ ਕੰਧ ਵਿੱਚ ਲਾਈ ਗਈ ਸੰਨ੍ਹ ਦੇ ਕਾਰਨ ਪਿਆ ਸੀ।'

ਵਰਨਣ ਯੋਗ ਹੈ ਕਿ ਪਿਛਲੇ ਸਾਲ ਮਨਜਿੰਦਰ ਸਿੰਘ ਸਿਰਸਾ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਲਾਲ ਕਿਲ੍ਹੇ ਵਿੱਚ ਸਿੱਖ ਜਰਨੈਲਾਂ ਬਾਰੇ ਲਾਈਟ ਐਂਡ ਸਾਊਂਡ ਸ਼ੋਅ ਕਰਾਇਆ ਜਾਵੇ ਤੇ ਏਥੇ ਇਨ੍ਹਾਂ ਸਿੱਖ ਜਰਨੈਲਾਂ ਦੇ ਬੁੱਤ ਲਾਏ ਜਾਣ। ਪ੍ਰਧਾਨ ਮੰਤਰੀ ਦਫ਼ਤਰ ਤੋਂ ਜਵਾਬ ਆਇਆ ਸੀ ਕਿ ਇਹ ਕੇਸ ਰੱਖਿਆ ਮੰਤਰਾਲੇ ਨੂੰ ਭੇਜ ਦਿੱਤਾ ਹੈ, ਕਿਉਂਕਿ ਲਾਲ ਕਿਲ੍ਹਾ ਉਸ ਦੇ ਅਧੀਨ ਹੈ। ਬਾਅਦ ਵਿੱਚ ਇਹ ਕੇਸ ਸੱਭਿਆਚਾਰ ਮੰਤਰਾਲੇ ਨੂੰ ਭੇਜ ਦਿੱਤਾ ਗਿਆ।

ਪ੍ਰਭਾਤ ਮੂਰਤੀ ਕਲਾ ਕੇਂਦਰ ਭਾਰਤ ਦੀਆਂ ਸਭ ਤੋਂ ਮੋਹਰੀ ਬੁੱਤਘਾੜਾ ਸੰਸਥਾਵਾਂ ਵਿੱਚੋਂ ਹੈ ਤੇ ਇਸ ਕੇਂਦਰ ਵੱਲੋਂ ਸਿੱਖ ਇਤਿਹਾਸ ਨਾਲ ਸਬੰਧਤ ਵਿਸ਼ਿਆਂ 'ਤੇ ਬੁੱਤ ਬਣਾਏ ਜਾਂਦੇ ਹਨ। ਕੇਂਦਰ ਦੇ ਮੁੱਖ ਬੁੱਤਘਾੜੇ ਪ੍ਰਭਾਤ ਰਾਏ ਵੱਲੋਂ ਅੱਜ ਤੱਕ ਛੇ ਸਿੱਖ ਸ਼ਖ਼ਸੀਅਤਾਂ ਦੇ ਬੁੱਤ ਬਣਾਏ ਜਾ ਚੁੱਕੇ ਹਨ, ਜੋ ਮੁਹਾਲੀ ਜ਼ਿਲ੍ਹੇ ਦੇ ਪਿੰਡ ਚੱਪੜਚਿੜੀ 'ਚ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ 'ਚ ਲੱਗੇ ਹਨ ਅਤੇ ਸਾਲ 2016 ਵਿੱਚ ਬਣਾਇਆ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਫਰਾਂਸੀਸੀ ਮਦਦਗਾਰ ਜਨਰਲ ਜਾਂ ਫਰੈਂਕੋਇਸ ਐਲਰਡ ਦੇ ਜਨਮ ਸਥਾਨ ਸੈਂਟ ਟਰੋਪਜ਼ ਵਿੱਚ ਲਾਇਆ ਗਿਆ ਹੈ।

## ਸਿੰਘਾਪੁਰ ਏਅਰਲਾਈਨ ਦਾ ਸ਼ਰਾਬੀ ਪਾਇਲਟ ਕਾਬੂ, ਉਡਾਣ ਰੋਕ ਦਿੱਤੀ ਗਈ

ਮੈਲਬਰਨ, 20 ਸਤੰਬਰ, (ਪੋਸਟ ਬਿਊਰੋ)- ਆਸਟਰੇਲੀਆ ਦੇ ਇਸ ਪ੍ਰਮੁੱਖ ਸ਼ਹਿਰ ਦੇ ਕੌਮਾਂਤਰੀ ਹਵਾਈ ਅੱਡੇ ਉੱਤੋਂ ਅੱਜ ਸਿੰਗਾਪੁਰ ਏਅਰਲਾਈਨ ਦੀ ਉਡਾਨ ਓਦੋਂ ਰੋਕ ਦਿੱਤੀ ਗਈ, ਜਦੋਂ ਮੈਡੀਕਲ ਟੈੱਸਟ ਦੇ ਦੌਰਾਨ ਇਸ ਦਾ ਪਾਇਲਟ ਸ਼ਰਾਬੀ ਹਾਲਤ ਵਿੱਚ ਹੋਣ ਦੀ ਪੁਸ਼ਟੀ ਹੋ ਗਈ।

ਪਤਾ ਲੱਗਾ ਹੈ ਕਿ ਸਵੇਰੇ ਮੈਲਬਰਨ ਤੋਂ ਨਿਊਜ਼ੀਲੈਂਡ ਦੇ ਸ਼ਹਿਰ ਵੈਲਿੰਗਟਨ ਲਈ ਇਸ ਜਹਾਜ਼ ਨੇ ਉਡਾਨ ਭਰਨੀ ਸੀ, ਜਿਸ ਤੋਂ ਕੁਝ ਸਮਾਂ ਪਹਿਲਾਂ ਸਿਵਲ ਏਵੀਏਸ਼ਨ ਸੇਫਟੀ ਅਥਾਰਟੀ (ਕਾਸਾ) ਦੀ ਟੀਮ ਨੂੰ ਚੈਕਿੰਗ 'ਚ ਫ਼ਲਾਈਟ ਦਾ ਪਾਇਲਟ ਸ਼ਰਾਬੀ ਹਾਲਤ 'ਚ ਮਿਲਿਆ। ਇਸ ਘਟਨਾ ਉੱਤੇ ਸਿੰਗਾਪੁਰ ਏਅਰਲਾਈਨ ਦੇ ਬੁਲਾਰੇ ਨੇ ਮੁਆਫ਼ੀ ਮੰਗਦਿਆਂ ਸਵਾਰੀਆਂ ਦੀ ਸੁਰੱਖਿਆ ਨੂੰ ਆਪਣੀ ਪਹਿਲ ਦੱਸਿਆ ਹੈ। ਕੌਮਾਂਤਰੀ ਪੱਧਰ ਉੱਤੇ ਚੰਗੀਆਂ ਏਅਰਲਾਈਨਜ਼ ਵਿੱਚ ਗਿਣੀ ਜਾਂਦੀ ਇਸ ਕੰਪਨੀ ਨੇ ਇਸ ਪਾਇਲਟ ਨੂੰ ਨੌਕਰੀ ਤੋਂ ਤੁਰੰਤ ਬਰਖ਼ਾਸਤ ਕਰਕੇ ਸਿੰਗਾਪੁਰ ਸੱਦ ਲਿਆ ਹੈ। ਦੂਸਰੇ ਪਾਸੇ ਇਸ ਫ਼ਲਾਈਟ ਰਾਹੀਂ ਸਫ਼ਰ ਕਰਨ ਤੋਂ ਰਹਿ ਗਏ ਮੁਸਾਫਰਾਂ ਨੇ ਏਅਰਲਾਈਨ ਨੂੰ ਸੋਸ਼ਲ ਮੀਡੀਏ ਉੱਤੇ ਕਾਫੀ ਬੁਰਾ-ਭਲਾ ਕਿਹਾ। ਇਸ ਤੋਂ ਪਹਿਲਾਂ ਜੂਨ ਵਿੱਚ ਇਹ ਏਅਰਲਾਈਨ ਸਿੰਗਾਪੁਰ-ਕੋਲਕਾਤਾ ਉਡਾਨ 'ਚ ਕਈ ਘੰਟੇ ਦੀ ਦੇਰੀ ਬਾਰੇ ਪੁਛਣ 'ਤੇ ਸਟਾਫ਼ ਵਲੋਂ ਸਵਾਰੀਆਂ ਨੂੰ ਧਮਕੀਆਂ ਤੇ ਬੁਰੇ ਵਰਤਾਅ ਲਈ ਚਰਚਿਤ ਹੋ ਚੁੱਕੀ ਹੈ।

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫ਼ਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟਰਕਟਰ
647-998-7500 ਬਲਵਿੰਦਰ

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000 — Photo Not Available — Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।
HAMILTON $25/Sq Ft. — 135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।
BRAMPTON $2,500 — 85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੂਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।
BRAMPTON $249,000 — Photo Not Available — 10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।
PICKERING $59,000 — 1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।
BRAMPTON $541,800 — Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਉਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।
AJAX $169,900 — Photo Not Available — 44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।
KITCHENER $369,999 — Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।
TORONTO $508,775 — Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।
BRAMPTON $629,000 — 60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।
TORONTO $825,000 — Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।
BRAMPTON $179,000 — Photo Not Available — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੂਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।
TORONTO $944,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!
BRAMPTON $849,000 — Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।
CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

"Quality is our strength."
SKYDOME GROUP OF COMPANIES
Body Centre
WE DEAL WITH ALL INSURANCE COMPANIES
MINISTRY APPROVED SALVAGE INSPECTION STATION
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton 905-450-9878
STAFFORD TRUCK CENTRE 30 Stafford Dr., Brampton. Tel: 905-460-1414
HEAD OFFICE: 905-874-9878 Toll Free: 1-877-799-9878. www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਰੂਸੀ ਜਹਾਜ਼ ਡੇਗਣ ਉਤੇ ਇਜ਼ਰਾਈਲ ਨੇ ਦੁੱਖ ਪ੍ਰਗਟਾਇਆ

ਯੇਰੂਸ਼ਲਮ, 20 ਸਤੰਬਰ (ਪੋਸਟ ਬਿਊਰੋ)- ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਫੋਨ ਕਰਕੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੀਰੀਆ ਵਿੱਚ ਰੂਸੀ ਜਹਾਜ਼ ਨੂੰ ਡੇਗੇ ਜਾਣ ਦੀ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਇਹ ਘਟਨਾ ਦੋ ਦਿਨ ਪਹਿਲਾਂ ਰਾਤ ਨੂੰ ਉਦੋਂ ਵਾਪਰੀ, ਜਦੋਂ ਇਜ਼ਰਾਈਲ ਦੇ ਚਾਰ ਐਫ 16 ਲੜਾਕੂ ਜਹਾਜ਼ ਸੀਰੀਆ ਦੇ ਤੱਟੀ ਸੂਬੇ ਲਟਾਕੀਆ ਵਿੱਚ ਆਪਣੇ ਨਿਸ਼ਾਨਿਆਂ 'ਤੇ ਹਮਲਾ ਕਰ ਰਹੇ ਸਨ। ਇਸ ਦੌਰਾਨ ਸੀਰੀਆ ਦੀ ਫੌਜ ਨੇ ਗਲਤੀ ਨਾਲ ਰੂਸ ਦੇ ਆਈ ਐਲ 20 ਨਾਮਕ ਟੋਹੀ ਜਹਾਜ਼ ਨੂੰ ਮਿਜ਼ਾਈਲ ਨਾਲ ਡੇਗ ਦਿੱਤਾ ਸੀ।





ਸੀਰੀਆ ਦੇ ਸਹਿਯੋਗੀ ਰੂਸ ਨੇ ਇਸ ਘਟਨਾ ਲਈ ਇਜ਼ਰਾਈਲ ਨੂੰ ਜ਼ਿੰਮੇਵਾਰ ਆਖਿਆ ਸੀ। ਉਸ ਦਾ ਕਹਿਣਾ ਸੀ ਕਿ ਇਜ਼ਰਾਈਲ ਦੇ ਕਾਰਨ ਉਸ ਦਾ ਜਹਾਜ਼ ਸੀਰੀਆਈ ਮਿਜ਼ਾਈਲ ਦਾ ਨਿਸ਼ਾਨਾ ਬਣ ਗਿਆ ਸੀ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਕੱਲ੍ਹ ਇਕ ਬਿਆਨ ਵਿੱਚ 15 ਰੂਸੀ ਫੌਜੀਆਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਘਟਨਾ ਦੇ ਲਈ ਸੀਰੀਆ ਜ਼ਿੰਮੇਵਾਰ ਹੈ। ਪ੍ਰਧਾਨ ਮੰਤਰੀ ਨੇ ਪਿਛਲੇ ਤਿੰਨ ਸਾਲ ਤੋਂ ਸੀਰੀਆ ਵਿੱਚ ਇਜ਼ਰਾਈਲ ਅਤੇ ਰੂਸ ਦੀ ਫੌਜੀ ਮੁਹਿੰਮ ਵਿਚਕਾਰ ਤਾਲਮੇਲ ਦੇ ਮਹੱਤਵ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਪੂਤਿਨ ਨੂੰ ਕਿਹਾ ਕਿ ਇਜ਼ਰਾਈਲ, ਸੀਰੀਆ ਅਤੇ ਈਰਾਨ ਦੇ ਫੌਜੀ ਟਿਕਾਣਿਆਂ 'ਤੇ ਕਾਰਵਾਈ ਲਈ ਦ੍ਰਿੜ੍ਹ ਹੈ। ਈਰਾਨ ਨੇ ਇਜ਼ਰਾਈਲ ਨੂੰ ਤਬਾਹ ਕਰਨ ਦੀ ਅਪੀਲ ਕੀਤੀ ਹੋਈ ਹੈ। ਇਸ ਲਈ ਉਹ ਹਿਜ਼ਬੁੱਲਾ ਨੂੰ ਘਾਤਕ ਹਥਿਆਰ ਦੇਂਦਾ ਹੈ।

ਵਰਨਣ ਯੋਗ ਹੈ ਕਿ ਇਸ ਖਿੱਤੇ 'ਚ ਪਿਛਲੇ ਕਈ ਸਾਲਾਂ ਤੋਂ ਜਾਰੀ ਜੰਗ ਕਾਰਨ ਇਸ ਖਿੱਤੇ ਦੇ ਲੋਕ ਆਪਣਾ ਘਰ ਬਾਰ ਛੱਡ ਕੇ ਜਾਣ ਲਈ ਮਜਬੂਰ ਹੋ ਰਹੇ ਹਨ। ਯੂਰਪ 'ਚ ਸ਼ਰਨਾਰਥੀਆਂ

## ਸਰਕਾਰੀ ਮੁਲਾਜ਼ਮ ਦੇ ਭ੍ਰਿਸ਼ਟਾਚਾਰ ਦੀ ਜਾਂਚ ਲਈ ਵਿਜੀਲੈਂਸ ਨੂੰ ਪ੍ਰਵਾਨਗੀ ਲੈਣੀ ਪਵੇਗੀ

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਰੋਕੂ ਕਾਨੂੰਨ ਵਿੱਚ ਕੁਝ ਨਿਯਮਾਂ ਅਤੇ ਅਹਿਮ ਸੋਧਾਂ ਹੋਈਆਂ ਹਨ, ਜਿਸ ਪਿੱਛੋਂ ਕਿਸੇ ਵੀ ਸਰਕਾਰੀ ਅਧਿਕਾਰੀ/ ਕਰਮਚਾਰੀ ਵੱਲੋਂ ਰਿਸ਼ਵਤ ਲੈਣ ਜਾਂ ਭ੍ਰਿਸ਼ਟਾਚਾਰ ਦੇ ਕੇਸ ਦੀ ਜਾਂਚ ਕਰਨ ਲਈ ਪਹਿਲਾਂ ਸਬੰਧਤ ਅਥਾਰਟੀ ਜਾਂ ਸਰਕਾਰ ਤੋਂ ਅਗੇਤੀ ਪ੍ਰਵਾਨਗੀ ਲੈਣੀ ਪਵੇਗੀ।

ਪਹਿਲਾਂ ਅਗੇਤੀ ਪ੍ਰਵਾਨਗੀ ਸਿਰਫ ਸੇਵਾ ਹੇਠਲੇ ਅਧਿਕਾਰੀਆਂ ਲਈ ਲੋੜੀਂਦੀ ਸੀ, ਪਰ ਨਵੀਂ ਸੋਧ ਹੇਠ ਭ੍ਰਿਸ਼ਟਾਚਾਰ ਦੇ ਦੋਸ਼ੀ ਸੇਵਾ ਮੁਕਤ ਅਧਿਕਾਰੀਆਂ ਨੂੰ ਵੀ ਇਸ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਸਬੰਧਤ ਅਥਾਰਟੀ ਦੇ ਪ੍ਰਧਾਨਗੀ ਦੇਣ ਸਬੰਧੀ ਬੇਨਤੀ 'ਤੇ ਤਿੰਨ ਮਹੀਨਿਆਂ ਵਿੱਚ ਫੈਸਲਾ ਲਿਆ ਜਾਵੇਗਾ, ਜਿਸ ਨੂੰ ਇਕ ਮਹੀਨੇ ਤੱਕ ਵਧਾਇਆ ਜਾ ਸਕੇਗਾ।

ਪੰਜਾਬ ਦੇ ਵਿਜੀਲੈਂਸ ਵਿਭਾਗ ਦੇ ਮੁਖੀ ਬੀ ਕੇ ਉਪਲ ਨੇ ਇਥੇ ਭ੍ਰਿਸ਼ਟਾਚਾਰ ਰੋਕੂ (ਸੋਧ) ਕਾਨੂੰਨ ਸਬੰਧੀ ਜਾਣਕਾਰੀ ਦੇਣ ਲਈ ਜਾਗਰੂਕਤਾ ਵਰਕਸ਼ਾਪ 'ਚ ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਾਲਾਂਕਿ ਕਿਸੇ



ਮੁਲਾਜ਼ਮਾਂ ਨੂੰ ਰੰਗੇ ਹੱਥੀਂ ਰਿਸ਼ਵਤ ਲੈਂਦਿਆਂ ਫੜਨ ਦੇ ਮਾਮਲੇ 'ਚ ਅਗੇਤੀ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਹੋਵੇਗੀ। ਉਪਲ ਨੇ ਕਿਹਾ ਕਿ ਉਕਤ ਕੇਸਾਂ ਦਾ ਅਦਾਲਤੀ ਨਿਪਟ-ਾਰਾ ਦੋ ਸਾਲਾਂ ਦੇ ਅੰਦਰ ਕਰਨਾ ਜ਼ਰੂਰੀ ਕੀਤਾ ਗਿਆ ਹੈ ਅਤੇ ਜੇ ਏਦਾਂ ਨਹੀਂ ਹੁੰਦਾ ਤਾਂ ਸਬੰਧਤ ਜੱਜ ਵੱਲੋਂ ਦੇਰੀ ਦਾ ਜਾਇਜ਼ ਕਾਰਨ ਲਿਖਦੇ ਹੋਏ ਇਸ ਕੇਸ ਨੂੰ ਵੱਧ ਤੋਂ ਵੱਧ ਚਾਰ ਸਾਲ ਵਿੱਚ ਨਿਪਟਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਅੱਗੇ ਤੋਂ ਰਿਸ਼ਵਤ ਦੇਣਾ ਵੀ ਇ ਦੰਡ ਯੋਗ ਅਪਰਾਧ ਹੋ ਗਿਆ ਹੈ। ਜੇ ਰਿਸ਼ਵਤ ਦੇਣ ਵਾਲੇ ਨੇ ਸੱਤ ਦਿਨਾਂ ਦੇ ਅੰਦਰ-ਅੰਦਰ ਜਾਂਚ ਏਜੰਸੀਆਂ ਨੂੰ ਸੂਚਿਤ ਨਾ ਕੀਤਾ ਤਾਂ ਉਸ ਨੂੰ ਸੱਤ ਸਾਲ ਦੀ ਸਜ਼ਾ ਭੁਗਤਣੀ ਪਵੇਗੀ।

## ਅਮਰੀਕਾ ਦੀ ਨਾਗਰਿਕਤਾ ਲੈਣ ਵਿੱਚ ਭਾਰਤੀਆਂ ਦਾ ਦੂਜਾ ਨੰਬਰ



ਨਿਊ ਯਾਰਕ, 20 ਸਤੰਬਰ (ਪੋਸਟ ਬਿਊਰੋ)- ਭਾਵੇਂ ਅਮਰੀਕਾ 'ਚ ਬਾਹਰੋਂ ਆਉਂਦੇ ਲੋਕਾਂ ਲਈ ਨਿਯਮ ਸਖਤ ਹੋ ਗਏ ਹੋਣ ਅਤੇ ਉਥੇ ਦੀ ਨਾਗਰਿਕਤਾ ਲੈਣੀ ਹੋਰ ਮੁਸ਼ਕਲ ਹੋ ਗਈ ਹੈ, ਪਰ ਭਾਰਤੀਆਂ ਦੇ ਕੇਸ ਵਿੱਚ ਨਰਮੀ ਵਰਤੀ ਜਾ ਰਹੀ ਹੈ। ਇਹ ਗੱਲ ਪਿਛਲੇ ਸਾਲ ਭਾਰਤੀ ਲੋਕਾਂ ਨੂੰ ਮਿਲੀ ਅਮਰੀਕੀ ਨਾਗਰਿਕਤਾ ਤੋਂ ਸਾਬਤ ਹੁੰਦੀ ਹੈ।

ਵਿੱਤੀ ਸਾਲ 2017 ਵਿੱਚ ਲਗਭਗ ਪੰਜਾਹ ਹਜ਼ਾਰ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ। ਅਮਰੀਕਾ ਦੀ ਨਾਗਰਿਕਤਾ ਲੈਣ ਵਿੱਚ ਉਹ ਮੈਕਸੀਕੋ ਦੇ ਨਾਗਰਿਕਾਂ ਤੋਂ ਬਾਅਦ ਦੂਜੇ ਨੰਬਰ 'ਤੇ ਹਨ। ਕਾਨੂੰਨੀ ਰਸਮਾਂ ਪੂਰੀਆਂ ਕਰ ਲੈਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਅਮਰੀਕਾ ਦੀ ਨਾਗਰਿਕਤਾ ਦਿੱਤੀ ਜਾਂਦੀ ਹੈ। ਨਾਗਰਿਕਤਾ ਮਿਲਣ ਪਿੱਛੋਂ ਉਨ੍ਹਾਂ ਲੋਕਾਂ ਨੂੰ ਅਮਰੀਕਾ ਵਿੱਚ ਵੋਟ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ।

ਅਮਰੀਕਾ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਜਾਰੀ ਡਾਟਾ ਮੁਤਾਬਕ ਭਾਰਤੀਆਂ ਦੀ ਗਿਣਤੀ ਵਿੱਚ 10 ਫੀਸਦੀ ਵਾਧਾ ਹੋਇਆ ਹੈ। ਕੁੱਲ 50802 ਭਾਰਤੀਆਂ ਨੂੰ ਅਮਰੀਕੀ ਨੈਚੁਰਲਾਈਜ਼ੇਸ਼ਨ ਪ੍ਰਾਪਤ ਹੋਈ ਹੈ। ਇੱਕ ਅਕਤੂਬਰ 2016 ਤੋਂ 30 ਸਤੰਬਰ 2017 ਵਿੱਚ ਕੁੱਲ ਸੱਤ ਲੱਖ ਲੋਕਾਂ ਨੂੰ ਅਮਰੀਕੀ ਸਰਕਾਰ ਵੱਲੋਂ ਨਾਗਰਿਕਤਾ ਦਿੱਤੀ ਗਈ, ਜਿਨ੍ਹਾਂ ਵਿੱਚ ਸੱਤ ਫੀਸਦੀ ਭਾਰਤੀ ਸਨ। ਪਹਿਲੇ ਸਾਲਾਂ ਦੇ ਮੁਕਾਬਲੇ 2017 ਦੇ ਦੌਰਾਨ 4600 ਵੱਧ ਭਾਰਤੀਆਂ ਨੂੰ ਅਮਰੀਕਾ ਦੀ ਨਾਗਰਿਕਤਾ ਮਿਲੀ। ਸਾਲ 2017 ਵਿੱਚ ਅਮਰੀਕੀ ਨਾਗਰਿਕਤਾ ਲੈਣ ਵਾਲੇ ਮੈਕਸੀਕੋ ਦੇ ਨਾਗਰਿਕਾਂ ਦੀ ਗਿਣਤੀ ਵਿੱਚ 14 ਫੀਸਦੀ, ਯਾਨੀ 15009 ਦਾ ਵਾਧਾ ਹੋਇਆ ਹੈ, ਉਸ ਤੋਂ ਬਾਅਦ 10 ਫੀਸਦੀ ਯਾਨੀ 4614 ਦੇ ਨਾਲ ਭਾਰਤ ਦੂਜੇ ਨੰਬਰ 'ਤੇ ਹੈ। ਪੰਜ ਫੀਸਦੀ ਵਾਧਾ ਯਾਨੀ 1880 ਲੋਕਾਂ ਦੇ ਨਾਲ ਚੀਨ ਤੀਜੇ ਨੰਬਰ 'ਤੇ ਹੈ। ਅਮਰੀਕਾ 'ਚ ਪਰਵਾਸੀਆਂ ਲਈ ਨਿਯਮ ਸਖਤ ਹੋਣ ਪਿੱਛੋਂ ਗਰੀਨ ਕਾਰਡ ਹੋਲਡਰਾਂ 'ਚ ਨਾਗਰਿਕਤਾ ਲੈਣ ਦੇ ਰੁਝੇਵਿਆਂ ਵਿੱਚ ਵਾਧਾ ਹੋਇਆ ਹੈ। ਸਿਰਫ ਗ੍ਰੀਨ ਕਾਰਡ ਹੋਲਡਰਜ਼ ਹੀ ਨੈਚੁਰਲਾਈਜ਼ੇਸ਼ਨ ਪ੍ਰੋਸੈੱਸ ਲਈ ਐਪਲੀਕੇਸ਼ਨ ਕਰ ਸਕਦੇ ਹਨ। ਗਰੀਨ ਕਾਰਡ ਮਿਲਣ ਤੋਂ ਬਾਅਦ ਅਮਰੀਕਾ ਵਿੱਚ ਰਹਿਣ ਅਤੇ ਲੰਮੇ ਸਮੇਂ ਤੱਕ ਕੰਮ ਕਰਨ ਦੀ ਮਨਜ਼ੂਰੀ ਮਿਲ ਜਾਂਦੀ ਹੈ।

## ਅਮਰੀਕਨ ਕੁੜੀ ਮਾਪਿਆਂ ਨੂੰ ਦੱਸੇ ਬਿਨਾਂ ਅੰਮ੍ਰਿਤਸਰ ਜਾ ਪਹੁੰਚੀ

ਅੰਮ੍ਰਿਤਸਰ, 20 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੀ ਇਕ ਕੁੜੀ ਦੀ ਫੇਸਬੁੱਕ ਰਾਹੀਂ ਅੰਮ੍ਰਿਤਸਰ ਦੇ ਮੁੰਡੇ ਨਾਲ ਦੋਸਤੀ ਹੋ ਗਈ ਤੇ ਉਸ ਨੂੰ ਮਿਲਣ ਲਈ ਇਥੇ ਪੁੱਜ ਗਈ ਹੈ। ਇਥੇ ਆਉਣ ਤੋਂ ਪਹਿਲਾਂ ਉਹ ਆਪਣੇ ਮਾਪਿਆਂ ਨੂੰ ਆਪਣੀ ਭਾਰਤ ਫੇਰੀ ਬਾਰੇ ਚੰਗੀ ਤਰ੍ਹਾਂ ਦੱਸ ਕੇ ਵੀ ਨਹੀਂ ਆਈ।

ਮਿਲੀ ਜਾਣਕਾਰੀ ਅਨੁਸਾਰ ਇਸ 22 ਸਾਲਾ ਇਹ ਕੁੜੀ ਦਾ ਨਾਂ ਵਿਟਨੇਅ ਹੈਰਿਸ ਹੈ ਤੇ ਉਹ ਮੈਰੀਲੈਂਡ ਵਿੱਚ ਜਿੰਮ ਟਰੇਨਰ ਹੈ। ਕੁਝ ਸਮਾਂ ਪਹਿਲਾਂ ਉਸ ਦੀ ਅੰਮ੍ਰਿਤਸਰ ਦੇ ਬਾਰਵੀਂ ਜਮਾਤ ਦੇ ਮੁੰਡੇ ਨਾਲ ਦੋਸਤੀ ਹੋਈ ਸੀ। ਇਸ ਦੋਸਤੀ ਤੋਂ ਬਾਅਦ ਉਸ ਨੇ ਮੁੰਡੇ ਨੂੰ ਮਿਲਣ ਦਾ ਫੈਸਲਾ ਕੀਤਾ ਤੇ ਅਚਨਚੇਤ ਭਾਰਤ ਪੁੱਜ ਗਈ। ਉਸ ਵੱਲੋਂ ਆਪਣੇ ਪਰਵਾਰ ਨੂੰ ਇਸ ਦੀ ਜਾਣਕਾਰੀ ਨਾ ਦਿੱਤੇ ਜਾਣ ਕਾਰਨ ਉਸ ਦੇ ਇਕ ਰਿਸ਼ਤੇਦਾਰ ਐਰਿਨ ਰੀਨੋਲਡ ਨੇ ਫੇਸਬੁੱਕ ਤੇ ਉਸ ਦੇ ਲਾਪਤਾ ਹੋਣ ਦੀ ਪੋਸਟ ਪਾਈ ਹੈ। ਇਸ ਪੋਸਟ ਨੂੰ ਦੇਖਣ ਮਗਰੋਂ ਅੰਮ੍ਰਿਤਸਰ ਦੀ ਆਮ ਆਦਮੀ ਪਾਰਟੀ ਦੇ ਆਗੂ ਜੀਵਨ ਜੋਤ ਨੇ ਇਸ ਕੁੜੀ ਨੂੰ ਦੇਖਿਆ ਅਤੇ ਪਤਾ ਲਾਇਆ ਹੈ। ਹੈਰਿਸ ਕੱਲ੍ਹ ਸਵੇਰੇ ਹੀ ਅੰਮ੍ਰਿਤਸਰ ਹਵਾਈ ਅੱਡੇ ਪੁੱਜੀ ਹੈ। ਇਸ ਦੇ ਇਥੇ ਪੁੱਜਣ ਮਗਰੋਂ ਚਰਚ ਦੇ ਕੁਝ ਆਗੂ ਇਸ ਕੁੜੀ ਨੂੰ ਆਪਣੇ ਨਾਲ ਲੈ ਗਏ ਹਨ। ਜੀਵਨਜੋਤ ਨੇ ਦੱਸਿਆ ਕਿ ਕੁੜੀ ਦੇ ਮਾਪੇ ਉਸ ਦੇ ਸੰਪਰਕ ਵਿੱਚ ਹਨ ਤੇ ਉਸ ਨੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ ਹੈ।

## ਦੱਖਣੀ ਅਫਰੀਕੀ ਰਾਸ਼ਟਰਪਤੀ ਉਤੇ ਨਸਲੀ ਟਿਪਣੀ ਲਈ ਭਾਰਤੀ ਮੂਲ ਦਾ ਸਾਬਕਾ ਕੌਂਸਲਰ ਗ੍ਰਿਫਤਾਰ

ਜੋਹਾਨਸਬਰਗ, 20 ਸਤੰਬਰ (ਪੋਸਟ ਬਿਊਰੋ)- ਦੱਖਣੀ ਅਫਰੀਕਾ 'ਚ ਭਾਰਤੀ ਮੂਲ ਦੇ ਸਾਬਕਾ ਕੌਂਸਲਰ ਨੂੰ ਫੇਸਬੁੱਕ ਉੱਤੇ ਇਕ ਵੀਡੀਓ ਪੋਸਟ 'ਚ ਰਾਸ਼ਟਰਪਤੀ ਬਾਰੇ ਨਸਲੀ ਟਿੱਪਣੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ।

ਵਾਇਰਲ ਹੋਈ ਇਸ ਵੀਡੀਓ 'ਚ ਡਰਬਨ ਦੇ ਸਾਬਕਾ ਕੌਂਸਲਰ ਕੇ ਸੀ ਨਾਇਰ ਨੇ ਰਾਸ਼ਟਰਪਤੀ ਰਾਮਫੋਸਾ ਲਈ 'ਕਾਫਿਰ' ਸ਼ਬਦ ਵਰਤਿਆ ਸੀ। ਇਹ ਨਸਲਵਾਦ ਬਾਰੇ ਕਾਲੇ ਲੋਕਾਂ ਖਿਲਾਫ ਵਰਤਿਆ ਜਾ ਰਿਹਾ ਇਤਰਾਜ਼ ਯੋਗ ਸ਼ਬਦ ਹੈ। ਇਸ ਤੋਂ ਪਹਿਲਾਂ ਨਾਇਰ ਨੂੰ 2005 ਵਿੱਚ



ਡਰਬਨ ਦੇ ਸਾਬਕਾ ਕੌਂਸਲਰ ਕੇ ਸੀ ਨਾਇਰ

ਧੋਖਾਧੜੀ ਦੇ ਇਕ ਦੋਸ਼ ਵਿੱਚ 6 ਸਾਲ ਕੈਦ ਦੀ ਸਜ਼ਾ ਹੋਈ ਸੀ। ਵੀਡੀਓ 'ਚ ਨਾਇਰ ਨੇ ਕਿਹਾ ਕਿ ਉਹ ਗੋਲੀ ਖਾਣ ਜਾਂ ਜ਼ਿੰਦਗੀ ਭਰ ਜੇਲ ਜਾਣ ਨੂੰ ਤਿਆਰ ਹੈ। ਕਰੀਬ ਪੰਜ ਮਿੰਟ ਦੀ ਵੀਡੀਓ ਵਿੱਚ ਕੇ ਸੀ ਨਾਇਰ ਨੇ ਕਿਹਾ, "ਮੈਂ ਸੱਦਾ ਦਿੰਦਾ ਹਾਂ ਕਿ ਕਾਫਿਰ ਰਾਸ਼ਟਰਪਤੀ ਮੇਰਿਲ ਰਾਮਫੋਸਾ, ਹਾਂ ਮੇਰਾ ਮਤਲਬ ਹੈ 'ਕਾਫਿਰ' ਰਾਸ਼ਟਰਪਤੀ ਸੇਰਿਲ ਰਾਮਫੋਸਾ ਨੂੰ ਇਸ ਦੇਸ਼ ਨਾਲ ਧੋਖਾਧੜੀ ਕਰਨ, ਦੇਸ਼ ਦਾ ਸ਼ੋਸ਼ਣ ਕਰਨ, ਦੇਸ਼ ਧਰੋਹ ਦਾ ਦੋਸ਼ੀ ਬਣਾਇਆ ਜਾਵੇ, ਉਹ ਹਰ ਤਰ੍ਹਾਂ ਦੀ ਹਿੰਸਾ, ਖਰਾਬ ਸਿਹਤ ਦੇਖਭਾਲ, ਗਰੀਬੀ ਦਾ ਕਾਰਨ ਹੈ, ਜੋ ਅਸਲ ਲੋਕਤੰਤਰ 'ਚ ਮੌਜੂਦ ਹੈ। ਮੈਂ ਉਮਰ ਭਰ ਲਈ ਜੇਲ ਜਾਣ ਜਾਂ ਗੋਲੀ ਖਾਣ ਨੂੰ ਤਿਆਰ ਹਾਂ, ਮੈਂ ਸਿਰਫ ਇਹੀ ਕਹਿਣਾ ਚਾਹੁੰਦਾ ਹਾਂ ਕਿ ਸੱਚ ਕੌੜਾ ਹੁੰਦਾ ਹੈ।'

## ਅਦਾਲਤ ਦੇ ਮੁਤਾਬਕ ਭਾਰਤੀ ਮੂਲ ਦੇ ਡਰਾਈਵਰ ਕਾਰਨ ਹੋਇਆ ਹਾਦਸਾ

ਲੰਡਨ, 20 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਇਕ ਅਦਾਲਤ ਨੇ ਸਿੱਟਾ ਕੱਢਿਆ ਹੈ ਕਿ ਭਾਰਤੀ ਮੂਲ ਦਾ ਇਕ 80 ਸਾਲਾ ਬੱਸ ਡਰਾਈਵਰ ਭੁੱਲਣ ਦੀ ਬਿਮਾਰੀ ਦਾ ਮਰੀਜ਼ ਹੈ ਅਤੇ ਕਰੀਬ ਤਿੰਨ ਸਾਲ ਪਹਿਲਾਂ ਕੁਵੈਂਟਰੀ ਵਿੱਚ ਖਤਰਨਾਕ ਢੰਗ ਨਾਲ ਡਰਾਈਵਿੰਗ ਕਰਕੇ ਉਹ ਹੀ ਦੋ ਜਣਿਆਂ ਦੀ ਮੌਤ ਦਾ ਕਾਰਨ ਬਣਿਆ ਸੀ। ਮਿਲੀ ਜਾਣਕਾਰੀ ਅਨੁਸਾਰ ਕੈਲਾਸ਼ ਚੰਦਰ ਆਪਣੀ ਮਾਨਸਿਕ ਸਥਿਤੀ ਕਰਕੇ ਇਸ ਘਾਤਕ ਹਾਦਸੇ ਦੇ ਕੇਸ ਵਿੱਚ ਕਾਰਵਾਈ ਦਾ ਸਾਹ-ਮਣਾ ਕਰਨ ਤੋਂ ਅਸਮਰੱਥ ਹੈ ਤੇ ਬਰਮਿੰਘਮ ਕ੍ਰਾਊਨ ਕੋਰਟ ਵਿੱਚ ਇਸ ਦੀ ਸੁਣਵਾਈ ਕਰਨ ਵਾਲੀ ਜਿਊਰੀ ਨੂੰ ਸਿਰਫ ਇਹ ਤੈਅ ਕਰਨ ਲਈ ਕਿਹਾ ਗਿਆ ਸੀ ਕਿ ਕੀ ਕੈਲਾਸ਼ ਚੰਦਰ ਇਸ ਹਾਦਸੇ ਲਈ ਜ਼ਿੰਮੇਵਾਰ ਸੀ। ਕੈਲਾਸ਼ ਚੰਦਰ ਨੇ ਬਰੇਕ ਦੀ ਬਜਾਏ ਗਲਤੀ ਨਾਲ ਬੱਸ ਦਾ ਐਕਸੀਲੇਟਰ ਦਬਾ ਦਿੱਤਾ ਸੀ, ਜਿਸ ਨਾਲ ਬੱਸ ਦੇ ਉਤਲੇ ਡੈਕ ਵਿੱਚ ਬੈਠੇ ਇਕ ਸੱਤ ਸਾਲਾ ਸਕੂਲੀ ਬੱਚੇ ਰੋਵਾਨ ਫਿਜ਼ਗੇਰਾਲਡ ਦੀ ਸਿਰ ਵਿੱਚ ਸੱਟ ਵੱਜੀ ਅਤੇ ਉਸ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਰਾਹ ਜਾਂਦੇ ਇਕ 76 ਸਾਲਾ ਵਿਅਕਤੀ ਡੋਰਾ ਹੈਨਕੌਕਸ ਦੇ ਕਾਫੀ ਸੱਟਾਂ ਲੱਗਣ ਕਾਰਨ ਉਸ ਦੀ ਵੀ ਮੌਤ ਹੋ ਗਈ ਸੀ। ਇਹ ਹਾਦਸਾ ਅਕਤੂਬਰ 2015 ਵਿੱਚ ਇਕ ਸੁਪਰ ਮਾਰਕੀਟ ਇਲਾਕੇ ਵਿੱਚ ਵਾਪਰਿਆ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਕੈਲਾਸ਼ ਚੰਦਰ ਉਸ ਤੋਂ ਪਹਿਲਾਂ ਵੀ ਤਿੰਨ ਸਾਲਾਂ ਵਿੱਚ ਚਾਰ ਹਾਦਸੇ ਕਰ ਚੁੱਕਾ ਸੀ ਅਤੇ ਉਸ ਦੇ ਵਿਹਾਰ ਬਾਰੇ ਤਾੜਨਾ ਕੀਤੀ ਗਈ ਸੀ। ਜੱਜ ਪਾਲ ਫੈਰਰ ਨੇ ਕੇਸ ਦੀ ਸੁਣਵਾਈ ਖਤਮ ਕਰਦੇ ਹੋਏ ਕਿਹਾ ਕਿ ਇਕ ਗਵਾਹ ਨੇ ਕੈਲਾਸ਼ ਚੰਦਰ ਦੀ ਨਕਲੋਂ ਹਰਕਤ ਬਾਰੇ ਅਦਾਲਤ ਵਿੱਚ ਕਿਹਾ ਸੀ ਕਿ ਇਵੇਂ ਜਾਪਦਾ ਸੀ ਜਿਵੇਂ ਬੱਸ ਦਾ ਕੋਈ ਡਰਾਈਵਰ ਨਹੀਂ ਸੀ ਤੇ ਇਸ ਦਾ ਐਕਸੀਲੇਟਰ ਜਾਮ ਹੋ ਗਿਆ

## ਰਾਧੇ ਮਾਂ ਦੇ ਵਾਇਸ ਸੈਂਪਲ ਉਸ ਦੀ ਜਾਂਚ ਕਰਨ ਲਈ ਐਸ ਐਫ ਐਲ ਚੰਡੀਗੜ੍ਹ ਨੂੰ ਸੌਂਪੇ ਗਏ

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਰਾਧੇ ਮਾਂ ਵੱਲੋਂ ਵਾਇਸ ਸੈਂਪਲ ਦੇਣ ਤੋਂ ਇਨਕਾਰ ਕਰਨ ਪਿੱਛੋਂ ਉਨ੍ਹਾਂ ਦੇ ਵਾਇਸ ਸੈਂਪਲ ਟੀ ਵੀ ਇੰਟਰਵਿਊ ਤੋਂ ਲਏ ਗਏ ਅਤੇ ਸੀ ਐਸ ਐਫ ਐਲ ਚੰਡੀਗੜ੍ਹ ਭੇਜੇ ਗਏ ਹਨ। ਇਨ੍ਹਾਂ ਸੈਂਪਲ ਦੇ ਨਾਲ ਹੀ ਸੁਰਿੰਦਰ ਮਿੱਤਲ ਵੱਲੋਂ ਸੌਂਪੇ ਗਏ ਵਾਇਸ ਸੈਂਪਲ ਦਾ ਮੈਚ ਕਰਵਾ ਕੇ ਅੱਗੇ ਕਾਰਵਾਈ ਕੀਤੀ ਜਾਵੇਗੀ। ਇਸ ਰਿਪੋਰਟ ਦੇ ਬਾਅਦ ਹਾਈ ਕੋਰਟ ਨੇ ਐਸ ਐਫ ਐਲ ਚੰਡੀਗੜ੍ਹ ਤੋਂ ਇਸ ਸੰਬੰਧ ਵਿੱਚ ਰਿਪੋਰਟ ਤਲਬ ਕਰ ਲਈ ਹੈ। ਵਰਨਣ ਯੋਗ ਹੈ ਕਿ ਇੱਕ ਵਿਅਕਤੀ ਸੁਰਿੰਦਰ ਮਿੱਤਲ ਨੇ ਸਾਲ 2015 ਵਿੱਚ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਰਾਧੇ ਮਾਂ ਧਰਮ ਦੇ ਨਾਮ ਉੱਤੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ ਅਤੇ ਉਹ ਆਪਣੇ ਆਪ ਨੂੰ ਦੁਰਗਾ ਮਾਂ ਦਾ ਅਵਤਾਰ ਦੱਸਦੀ ਹੈ ਅਤੇ ਅਕਸਰ ਹੀ



ਹੱਥ ਵਿੱਚ ਤ੍ਰਿਸ਼ੂਲ ਲੈ ਮਾਂ ਦੁਰਗਾ ਦਾ ਵੇਸ਼ ਧਾਰਨ ਕਰਕੇ ਜਾਗਰਣਾਂ ਵਿੱਚ ਪਹੁੰਚ ਜਾਂਦੀ ਹੈ। ਇਸ ਬਾਰੇ ਪਟੀਸ਼ਨਕਰਤਾ ਨੇ ਐਸ ਐਸ ਪੀ ਕਪੂਰਥਲਾ ਨੂੰ ਸ਼ਿਕਾਇਤ ਵੀ ਦਿੱਤੀ ਸੀ, ਪ੍ਰੰਤੂ ਕਾਰਵਾਈ ਨਹੀਂ ਕੀਤੀ ਗਈ। ਇਸ ਦੇ ਬਾਅਦ ਪਟੀਸ਼ਨਰ ਨੇ ਉਨ੍ਹਾਂ ਦੇ ਬਾਰੇ ਆਰ ਟੀ ਆਈ ਦੇ ਰਾਹੀਂ ਸੂਚਨਾ ਇਕੱਠੀ ਕੀਤੀ।

ਆਰ ਟੀ ਆਈ ਵਿੱਚ ਉਨ੍ਹਾਂ ਦੇ ਪਰਵਾਰ ਦੇ ਵੀ ਆਪਰਾਧਿਕ ਕੇਸਾਂ ਵਿੱਚ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ। ਇਸ ਦੌਰਾਨ ਇਕ ਮਹਿਲਾ ਨੇ ਉਨ੍ਹਾਂ ਨੂੰ ਮੁੰਬਈ ਤੋਂ ਫੋਨ ਕਰਕੇ ਦੱਸਿਆ ਕਿ ਰਾਧੇ ਮਾਂ ਉਸ ਦੇ ਪਤੀ ਨਾਲ ਮਿਲ ਕੇ ਉਸ ਨੂੰ ਤੰਗ ਕਰਦੀ ਹੈ, ਇਸ ਲਈ ਉਨ੍ਹਾਂ ਨੂੰ ਰਾਧੇ ਮਾਂ ਦੇ ਖਿਲਾਫ ਸਬੂਤ ਚਾਹੀਦੇ ਹਨ। ਜਦ ਰਾਧੇ ਮਾਂ ਉਰਫ ਸੁਖਵਿੰਦਰ ਕੌਰ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਪਟੀਸ਼ਨਕਰਤਾ ਨੂੰ ਲਾਲਚ ਦਿਵਾਇਆ ਕਿ ਉਹ ਅਜਿਹਾ ਨਾ ਕਰੇ। ਜਦ ਪਟੀਸ਼ਨਰ ਨਹੀਂ ਮੰਨਿਆ ਤਾਂ ਅਚਾਨਕ ਇਕ ਰਾਤ ਸਾਢੇ ਚਾਰ ਵਜੇ ਉਸ ਨੂੰ ਰਾਧੇ ਮਾਂ ਦਾ ਫੋਨ ਆਇਆ। ਪਟੀਸ਼ਨਰ ਤੋਂ ਉਨ੍ਹਾਂ ਨੇ ਪੁੱਛਿਆ ਕਿ ਉਸ ਨੂੰ ਕੀ ਚਾਹੀਦਾ ਹੈ, ਜੋ ਚਾਹੀਦਾ ਹੈ, ਉਸ ਨੂੰ ਮਿਲ ਜਾਵੇਗਾ। ਪਟੀਸ਼ਨਰ ਨੇ ਇਸ ਤੋਂ ਇਨਕਾਰ ਕਰ ਦਿੱਤਾ। ਉਸ ਦਾ ਦਾਅਵਾ ਹੈ ਕਿ ਇਸ ਦੌਰਾਨ ਲਗਾਤਾਰ ਰਾਧੇ ਮਾਂ ਦੇ ਫੋਨ ਉਸ ਦੇ ਕੋਲ ਆਉਣ ਲੱਗੇ। ਰਾਧੇ ਮਾਂ ਤੋਂ ਜਦ ਉਸ ਨੇ ਪੁੱਛਿਆ ਕਿ ਆਖਰ ਕਿਉਂ ਵਾਰ-ਵਾਰ ਕਾਲ ਕਰਦੀ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਪਟੀਸ਼ਨਰ ਦੀ ਕਾਲਰ ਟਿਊਨ ਪਸੰਦ ਹੈ। ਇਸ ਪਿੱਛੋਂ ਹੌਲੀ-ਹੌਲੀ ਉਨ੍ਹਾਂ ਨੇ ਕਿਹਾ ਕਿ ਉਹ ਪਟੀਸ਼ਨਰ ਨੂੰ ਪਸੰਦ ਕਰਦੀ ਹੈ। ਪਟੀਸ਼ਨਰ ਨੇ ਇਨ੍ਹਾਂ ਸਾਰੇ ਕਾਲਜ਼ ਦੀ ਰਿਕਾਰਡਿੰਗ ਕਰ ਲਈ ਸੀ।

## ਰਿਕਾਰਡ ਵਿੱਚ ਛੇੜਛਾੜ ਕਰਕੇ ਜ਼ਮੀਨ ਦਾ ਮਾਲਕ ਬਦਲ ਦਿੱਤਾ

ਤਰਨ ਤਾਰਨ, 20 ਸਤੰਬਰ (ਪੋਸਟ ਬਿਊਰੋ)- ਮੁਹੱਲਾ ਕਾਜੀਕੋਟ ਰੋਡ 'ਤੇ ਜ਼ਮੀਨ ਦੀ ਜਮ੍ਹਾਂਬੰਦੀ ਦੇ ਮਾਲਕ ਵਾਲੇ ਖਾਨੇ 'ਚ ਕਿਸੇ ਹੋਰ ਨੂੰ ਦਰਜ ਕਰਨ ਦੇ ਦੋਸ਼ਾਂ ਹੇਠ ਪੁਲਸ ਨੇ ਪਟਵਾਰੀ ਸਮੇਤ ਦੋ ਜਣਿਆਂ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਇਹ ਮਾਮਲਾ ਪੁਲਸ ਨੇ ਜਾਂਚ ਤੋਂ ਬਾਅਦ ਦਰਜ ਕੀਤਾ ਹੈ।

ਪਤਾ ਲੱਗਾ ਹੈ ਕਿ ਸੁਜਿੰਦਰ ਕੌਰ ਪੁੱਤਰੀ ਅਮਰਜੀਤ ਸਿੰਘ ਵਾਸੀ ਅੰਮ੍ਰਿਤਸਰ ਨੇ ਆਈ ਜੀ ਬਾਰਡਰ ਜ਼ੋਨ ਨੂੰ ਸ਼ਿਕਾਇਤ ਦਿੱਤੀ ਸੀ ਕਿ ਪਟਵਾਰ ਸਰਕਲ ਤਰਨ ਤਾਰਨ ਵਿੱਚ ਉਸ ਦੇ ਪਿਤਾ ਅਮਰਜੀਤ ਸਿੰਘ ਅਤੇ ਮਾਤਾ ਮਨਜੀਤ ਕੌਰ ਦੇ ਨਾਂ ਖਸਰਾ ਨੰਬਰ 228 ਅਤੇ 202 ਵਿੱਚ ਮਾਲਕੀ ਜ਼ਮੀਨ ਬਚਦੀ ਹੈ, ਜਿਹੜੀ ਉਸ ਦੇ ਪਿਤਾ ਨੇ ਇਕ ਰਿਸ਼ਤੇਦਾਰ 'ਤੇ ਯਕੀਨ ਕਰਕੇ ਪਿਛਲੇ ਕਰੀਬ 30



ਸਾਲਾਂ ਤੋਂ ਹਿੱਸੇ ਜਾਂ ਠੇਕੇ ਉੱਤੇ ਦੇ ਰੱਖੀ ਸੀ। ਉਸ ਨੇ ਦੱਸਿਆ ਕਿ ਪਿਛਲੇ ਸਾਲ ਉਸ ਦੇ ਪਿਤਾ ਅਮਰਜੀਤ ਸਿੰਘ ਦੀ ਮੌਤ ਹੋ ਗਈ। ਜਦੋਂ ਉਹ ਖੇਤੀ ਲਈ ਆਪਣੀ ਜ਼ਮੀਨ ਵਿੱਚ ਗਏ ਤਾਂ ਗੁਰਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਨਾਂ ਦੇ ਵਿਅਕਤੀ ਨੇ ਕਿਹਾ ਕਿ ਇਹ ਜ਼ਮੀਨ ਉਸ ਦੀ ਹੈ। ਉਸ ਨੇ ਦੋਸ਼ ਲਾਇਆ ਕਿ ਉਸ ਵਿਅਕਤੀ ਨੇ ਮਾਲ ਵਿਭਾਗ ਦੇ ਪਟਵਾਰੀ ਇਕਬਾਲ ਸਿੰਘ ਨਾਲ ਮਿਲ ਕੇ ਉਸ ਦੇ ਪਿਤਾ ਦੀ ਜ਼ਮੀਨ ਦੀ ਜਮ੍ਹਾਂਬੰਦੀ ਦੇ ਰਿਕਾਰਡ ਦੀ ਭੰਨ ਤੋੜ ਕਰਕੇ ਮਾਲਕੀ ਵਾਲੇ ਖਾਨੇ ਵਿੱਚ ਗੁਰਵਿੰਦਰ ਸਿੰਘ ਦਾ ਨਾਂ ਦਰਜ ਕਰ ਦਿੱਤਾ ਹੈ। ਸੁਜਿੰਦਰ ਕੌਰ ਨੇ ਇਸ ਸ਼ਿਕਾਇਤ ਰਾਹੀਂ ਇਨਸਾਫ ਦੀ ਮੰਗ ਕਰਦਿਆਂ ਕੇਸ ਦਰਜ ਕਰਨ ਦੀ ਅਪੀਲ ਕੀਤੀ ਸੀ।

ਇਸ ਦੀ ਜਾਂਚ ਉਚ ਅਧਿਕਾਰੀਆਂ ਵੱਲੋਂ ਕਰਨ ਪਿੱਛੋਂ ਪੁਲਸ ਨੇ ਥਾਣਾ ਸਿਟੀ 'ਚ ਸੇਵਾਮੁਕਤ ਪਟਵਾਰੀ ਇਕਬਾਲ ਸਿੰਘ ਪੁੱਤਰ ਚਰਨ ਸਿੰਘ ਵਾਸੀ ਤਰਨ ਤਾਰਨ ਤੋਂ ਇਲਾਵਾ ਗੁਰਵਿੰਦਰ ਸਿੰਘ ਬੌਬੀ ਪੁੱਤਰ ਅਮਰੀਕ ਸਿੰਘ ਵਾਸੀ ਤਰਨ ਤਾਰਨ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਇਸ ਦੀ ਜਾਂਚ ਕਰ ਰਹੇ ਏ ਐਸ ਆਈ ਵਿਪਨ ਕੁਮਾਰ ਨੇ ਦੱਸਿਆ ਕਿ ਨਾਮਜ਼ਦ ਲੋਕਾਂ ਦੀ ਗ੍ਰਿਫਤਾਰੀ ਲਈ ਕਾਰਵਾਈ ਆਰੰਭ ਦਿੱਤੀ ਗਈ ਹੈ।

## ਸਿਰਸਾ ਡੇਰੇ ਦੇ ਪ੍ਰੇਮੀ ਜ਼ਿਲਾ ਪ੍ਰੀਸ਼ਦ ਚੋਣਾਂ ਵਿੱਚ ਨਿਰਪੱਖ ਰਹੇ

ਬਠਿੰਡਾ, 20 ਸਤੰਬਰ (ਪੋਸਟ ਬਿਊਰੋ)- ਡੇਰਾ ਸਿਰਸਾ ਦੇ ਪੈਰੋਕਾਰ ਕੱਲ੍ਹ ਵੋਟਾਂ ਵਾਲੇ ਦਿਨ ਕਿਸੇ ਸਿਆਸੀ ਧਿਰ ਦੇ ਨਾਲ ਨਹੀਂ ਤੁਰੇ। ਇਹ ਪਹਿਲੀ ਵਾਰ ਹੈ ਕਿ ਡੇਰਾ ਪ੍ਰੇਮੀਆਂ ਨੇ ਸਿਆਸੀ ਧਿਰਾਂ ਦੇ ਵਾਹਨਾਂ ਉਤੇ ਚੜ੍ਹ ਕੇ ਵੋਟਾਂ ਪਾਉਣ ਤੋਂ ਗੁਰੇਜ਼ ਕੀਤਾ। ਡੇਰਾ ਸਿਰਸਾ ਦੀ ਤਰਫੋਂ ਬੀਤੀ ਰਾਤ ਡੇਰਾ ਪੈਰੋਕਾਰਾਂ ਨੂੰ ਇਕ ਸੁਨੇਹਾ ਭੇਜ ਕੇ ਸਾਵਧਾਨ ਵੀ ਕੀਤਾ ਗਿਆ, ਜੋ ਡੇਰਾ ਪ੍ਰੇਮੀਆਂ ਦੇ ਗਰੁੱਪਾਂ ਵਿੱਚ ਘੁੰਮਿਆ। ਇਸ ਕਾਰਨ ਕੱਲ੍ਹ ਡੇਰਾ ਪ੍ਰੇਮੀਆਂ ਨੇ ਪੈਦਲ ਜਾ ਕੇ ਚੁੱਪ ਚੁਪੀਤੇ ਵੋਟਾਂ ਪਾਈਆਂ ਅਤੇ ਬਾਹਰੀ ਤੌਰ 'ਤੇ ਕਿਸੇ ਵੀ ਡੇਰਾ ਪ੍ਰੇਮੀ ਨੇ ਪਹਿਲਾਂ ਵਾਂਗ ਵੋਟਾਂ ਵਿੱਚ ਉਤਸ਼ਾਹ ਨਹੀਂ ਦਿਖਾਇਆ। ਡੇਰਾ ਪੈਰੋਕਾਰਾਂ ਨੇ ਕਿਸੇ ਨੂੰ ਵੀ ਵੋਟ ਪਾਈ ਹੋਵੇ, ਪ੍ਰੰਤੂ ਉਨ੍ਹਾਂ ਨੇ ਉਮੀਦਵਾਰਾਂ ਦੇ ਵਾਹਨਾਂ ਤੋਂ ਚੜ੍ਹਨ ਤੋਂ ਪਾਸਾ ਵੱਟੀ ਰੱਖਿਆ। ਮਿਲੀ ਜਾਣਕਾਰੀ ਅਨੁਸਾਰ ਡੇਰਾ ਸਿਰਸਾ ਵੱਲੋਂ ਇੱਕ ਸੁਨੇਹਾ ਕੱਲ੍ਹ ਸੋਸ਼ਲ ਮੀਡੀਆ ਰਾਹੀਂ ਪੈਰੋਕਾਰਾਂ ਦੇ ਗਰੁੱਪਾਂ ਨੂੰ ਭੇਜਿਆ ਗਿਆ ਕਿ ਕਿਸੇ ਵੀ ਸਿਆਸੀ ਧਿਰ ਅਤੇ ਲੀਡਰਾਂ ਦੇ ਝਾਂਸੇ ਵਿੱਚ ਨਹੀਂ ਆਉਣਾ ਅਤੇ ਗਲਤ ਅਫਵਾਹਾਂ ਤੋਂ ਸੁਚੇਤ ਰਹਿਣਾ ਹੈ। ਸੁਨੇਹੇ ਵਿੱਚ ਇਹ ਵੀ ਲਿਖਿਆ ਹੈ ਕਿ ਮੌਸਮ ਬਦਲਦਾ ਨਜ਼ਰ ਆ ਰਿਹਾ ਹੈ ਤੇ ਉਹ ਪੰਚਕੂਲਾ ਵਿੱਚ ਪੈਰੋਕਾਰਾਂ ਦੇ ਡੁੱਲ੍ਹੇ ਖੂਨ ਅਤੇ 25 ਅਗਸਤ 2017 ਦਾ ਦਿਨ ਨਹੀਂ ਭੁੱਲ ਸਕਦੇ। ਇਹ ਵੀ ਲਿਖਿਆ ਕਿ ਲੀਡਰ ਗੁਮਰਾਹ ਕਰਨ ਵਿੱਚ ਲੱਗੇ ਹੋਏ ਹਨ।

## ਟੈਕਸੀ ਯੂਨੀਅਨ ਦੇ ਸਾਬਕਾ ਪ੍ਰਧਾਨ ਦਾ ਕਤਲ ਕਰ ਕੇ ਲਾਸ਼ ਖੇਤ ਵਿੱਚ ਸੁੱਟੀ

ਨਵਾਂ ਸ਼ਹਿਰ (ਬੰਗਾ), 20 ਸਤੰਬਰ (ਪੋਸਟ ਬਿਊਰੋ)- ਬੰਗਾ ਟੈਕਸੀ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਨੇਕ ਸਿੰਘ ਦਾ ਕੱਲ੍ਹ ਰਾਤ ਉਨ੍ਹਾਂ ਦੇ ਖੇਤ ਵਿੱਚ ਕਿਸੇ ਨੇ ਕਤਲ ਕਰ ਦਿੱਤਾ। ਪੁਲਸ ਨੇ ਗੁਰਨੇਕ ਸਿੰਘ ਦੇ ਬੇਟੇ ਹਰਮਿਲਨ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਹਰਮਿਲਨ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਖੇਤੀ ਕਰਦੇ ਹਨ। ਉਸ ਦਾ ਵੱਡਾ ਭਰਾ ਪਰਮਵੀਰ ਸਿੰਘ ਤੇ ਮਾਤਾ ਜਸਵਿੰਦਰ ਕੌਰ ਕਰੀਬ ਦੋ ਮਹੀਨੇ ਪਹਿਲਾਂ ਕੈਨੇਡਾ ਗਏ ਹਨ। ਘਰ ਵਿੱਚ ਉਸ ਦੇ ਪਿਤਾ, ਚਚੇਰਾ ਭਰਾ ਨਵਜੋਤ




ਸਿੰਘ, ਪਰਮਿੰਦਰ ਕੌਰ, ਨਾਨਾ ਗੁਰਦੀਪ ਸਿੰਘ ਅਤੇ ਨਾਨੀ ਸੁਰਿੰਦਰ ਕੌਰ ਰਹਿੰਦੇ ਹਨ। ਉਸ ਨੇ ਦੱਸਿਆ ਕਿ ਉਨ੍ਹਾਂ ਦੀ ਜ਼ਮੀਨ ਪਿੰਡ ਮਜਾਰੀ, ਭੂਖੜੀ, ਮੂਸਾਪੁਰ, ਗੋਸਲਾਂ ਅਤੇ ਸੋਤਰਾਂ ਵਿੱਚ ਪੈਂਦੀ ਹੈ। ਤਿੰਨ-ਚਾਰ ਦਿਨ ਤੋਂ ਉਨ੍ਹਾਂ ਦੇ ਮਜਾਰੀ ਪਿੰਡ ਦੀ ਜ਼ਮੀਨ ਵਿੱਚ ਬਿਜਲੀ ਰਾਤ 12 ਵਜੇ ਆਉਂਦੀ ਹੈ ਅਤੇ ਮੋਟਰ ਚਲਾਉਣ ਦੇ ਲਈ ਉਸ ਦੇ ਪਿਤਾ ਤਿੰਨ ਦਿਨ ਤੋਂ ਰੋਜ਼ ਰਾਤ ਨੂੰ ਜਾਂਦੇ ਹਨ। ਮੰਗਲਵਾਰ ਰਾਤ ਵੀ ਉਸ ਦੇ ਪਿਤਾ ਮੋਟਰ ਸਾਈਕਲ 'ਤੇ ਰਾਤ ਕਰੀਬ 12 ਵਜੇ ਮੋਟਰ ਚਲਾਉਣ ਗਏ ਤੇ ਸਵੇਰ ਤੱਕ ਵਾਪਸ ਨਹੀਂ ਆਏ। ਉਨ੍ਹਾਂ ਨੂੰ ਲੱਭਣ ਦੇ ਲਈ ਉਹ ਅਤੇ ਉਸ ਦੇ ਨਾਨਾ ਗੁਰਦੀਪ ਸਿੰਘ ਜਦ ਖੇਤ ਗਏ ਤਾਂ ਉਨ੍ਹਾਂ ਦੇਖਿਆ ਕਿ ਉਸ ਦੇ ਪਿਤਾ ਦੀ ਖੂਨ ਨਾਲ ਲਥਪਥ ਲਾਸ਼ ਸਾਬਕਾ ਸਰਪੰਚ ਇਕਬਾਲ ਸਿੰਘ ਦੇ ਝੋਨੇ ਵਾਲੇ ਖੇਤ ਵਿੱਚ ਪਈ ਸੀ। ਕਿਸੇ ਨੇ ਉਸ ਦੇ ਪਿਤਾ ਦਾ ਤੇਜ਼ਧਾਰ ਹਥਿਆਰਾਂ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਉਸ ਨੇ ਪੁਲਸ ਨੂੰ ਸੂਚਿਤ ਕੀਤਾ ਤਾਂ ਪੁਲਸ ਨੇ ਜਾਂਚ ਸ਼ੁਰੂ ਕੀਤੀ।








# ਸੰਪਾਦਕੀ

## ਵਿਵਾਦਗ੍ਰਸਤ ਗਰੀਨ ਐਨਰਜੀ ਐਕਟ ਦਾ ਖਾਤਮਾ ਇੱਕ ਸਹੀ ਕਦਮ

ਡੱਗ ਫੋਰਡ ਕੰਜ਼ਰਵੇਟਿਵ ਸਰਕਾਰ ਨੇ ਸਾਬਕਾ ਪ੍ਰੀਮੀਅਰ ਡਾਲਟਨ ਮਗਿੰਟੀ ਵੱਲੋਂ 2009 ਵਿੱਚ ਬਣਾਏ ਗਏ ਗਰੀਨ ਐਨਰਜੀ ਐਕਟ ਦਾ ਭੋਗ ਪਾ ਦਿੱਤਾ ਹੈ। ਇਸ ਸਬੰਧੀ ਕੱਲ ਪ੍ਰੋਵਿੰਸ ਦੇ ਐਨਰਜੀ ਮੰਤਰੀ ਗਰੈਗ ਰਿੱਕਫੋਰਡ ਅਤੇ ਬੁਨਿਆਦੀ ਢਾਂਚੇ ਬਾਰੇ ਮੰਤਰੀ ਮੌਂਟੀ ਮੈਕਨੌਗਟਨ ਨੇ ਐਲਾਨ ਕੀਤਾ। ਚੇਤੇ ਰਹੇ ਕਿ ਡੱਗ ਫੋਰਡ ਵੱਲੋਂ ਇਸ ਐਕਟ ਨੂੰ ਖਤਮ ਕਰਨ ਨੂੰ ਮੁੱਖ ਮੁੱਦਾ ਬਣਾ ਕੇ ਚੋਣ ਲੜੀ ਗਈ ਸੀ। ਇਹ ਉਹੀ ਐਕਟ ਹੈ ਜਿਸ ਬਾਰੇ ਉਂਟੇਰੀਓ ਦੀ ਆਡੀਟਰ ਜਨਰਲ ਬੌਨੀ ਲਾਈਸਿਕ ਨੇ ਆਪਣੀ ਰਿਪੋਰਟ ਵਿੱਚ ਗੰਭੀਰ ਸ਼ੰਕੇ ਖੜੇ ਕੀਤੇ ਸਨ। ਆਡੀਟਰ ਜਨਰਲ ਮੁਤਾ-ਬਕ ਸਾਲ 2006 ਤੋਂ 2014 ਦਰਮਿ-ਆਨ ਘਰਾਂ ਅਤੇ ਛੋਟੇ ਬਿਜਨਸਾਂ ਦੇ ਬਿਜਲੀ ਦੇ ਬਿੱਲਾਂ ਵਿੱਚ 70% ਵਾਧਾ ਹੋਇਆ। ਸਾਬਕਾ ਪ੍ਰੀਮੀਅਰ ਕੈਥਲਿਨ ਵਿੰਨ ਨੂੰ 2017 ਦਾ ਉਹ ਦਿਨ ਰਹਿ 2 ਕੇ ਚੇਤੇ ਆਉਂਦਾ ਹੋਵੇਗਾ ਜਦੋਂ ਦਿਹਾਤੀ ਉਂਟੇਰੀਓ ਦੇ ਕਿਸਾਨਾਂ ਨੇ ਇੰਟਰਨੈਸ਼ਨਲ ਪਲੋਇੰਗ ਮੈਚ ਦੌਰਾਨ ਗਰੀਨ ਐਨਰਜੀ ਅਤੇ ਬਿਜਲੀ ਬਿੱਲਾਂ ਵਿੱਚ ਵਾਧੇ ਨੂੰ ਲੈ ਕੇ ਉਸ ਖਿਲਾਫ ਜਬਰਦਸਤ ਨਾਅਰੇਬਾਜ਼ੀ ਕੀਤੀ ਸੀ।

ਸੋਲਰ ਪਲਾਂਟਾਂ ਦਾ ਘੁਟਾਲਾ ਗਰੀਨ ਐਨਰਜੀ ਐਕਟ ਦੀ ਹੀ ਦੇਣ ਰਿਹਾ ਹੈ ਜਿਸ ਕਾਰਣ ਵੱਡੀਆਂ 2 ਕੰਪਨੀਆਂ ਦੇ ਸਰਕਾਰੀ ਤੰਤਰ ਨਾਲ ਸ਼ੱਕੀ ਸਬੰਧ ਪੈਦਾ ਹੋਏ। ਸਮੇਂ 2 ਉੱਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ ਦੱਸਦੀਆਂ ਰਹੀਆਂ ਹਨ ਕਿ ਇਸ ਐਕਟ ਦੇ ਸਿੱਟੇ ਵਜੋਂ 9.2 ਬਿਲੀਅਨ ਡਾਲਰ ਤੋਂ ਵੱਧ ਦੀ ਸਜ਼ਾ ਉਂਟੇਰੀਓ ਵਾਸੀਆਂ ਨੇ ਵਧੇ ਬਿੱਲਾਂ ਦੇ ਰੂਪ ਵਿੱਚ ਭੋਗੀ ਹੋ ਸਕਦੀ ਹੈ। ਪਿਛਲੀ ਸਰਕਾਰ ਇਹ ਆਖ ਕੇ ਮੋਢੇ ਤੋਂ ਕੰਬਲ ਝਾੜਦੀ ਰਹੀ ਕਿ ਬਿਜਲੀ ਦਰਾਂ ਦਾ ਵਾਧਾ ਕੋਲੇ ਦੇ ਪਲਾਂਟਾਂ ਨੂੰ ਇੱਧਰ ਉੱਧਰ ਕਰਨ ਦੀ ਲਾਗਤ ਵਜੋਂ ਵੀ ਹੋਇਆ। ਬਹਾਨਾ ਕੋਈ ਵੀ ਰਿਹਾ ਹੋਵੇ, ਖਾਮਿਆਜ਼ਾ ਆਮ ਉਂਟੇਰੀਓ ਵਾਸੀ ਭੁਗਤਦੇ ਰਹੇ ਹਨ। ਆਧੁਨਿਕ ਮੁੜ-ਵਿਗਸਣ ਵਾਲੀ ਐਨਰਜੀ (renewable energy) ਦੇ ਨਾਮ ਉੱਤੇ ਲੋਕਾਂ ਦੀਆਂ ਜੇਬਾਂ ਕੱਟਣਾ ਕਿੱਥੋਂ ਤੱਕ ਜਾਇਜ਼ ਹੈ?

ਲਿਬਰਲ ਸਰਕਾਰ ਦਾ ਸ਼ੋਸ਼ਾ ਰਿਹਾ ਹੈ ਕਿ ਰੀਨਿਊਏਬਲ ਐਨਰਜੀ ਪੈਦਾ ਕਰਕੇ ਉਂਟੇਰੀਓ ਵਿੱਚ ਗਰੀਨ ਰੁਜ਼ਗਾਰ ਪੈਦਾ ਹੁੰਦਾ ਹੈ। ਇਸਨੂੰ ਇੱਕ ਭੱਵਿਖਮੁਖੀ ਸੋਚ ਜਰੂਰ ਕਿਹਾ ਜਾ ਸਕਦਾ ਹੈ ਕਿਉਂਕਿ ਰਿਵਾਇਤੀ ਬਿਜਲੀ ਉਤਪਾਦਨ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਪਰ ਕਿਸੇ ਨੇ ਇਹ ਗੱਲ ਸਮਝਾਉਣ ਦੀ ਖੇਚਲ ਨਹੀਂ ਕੀਤੀ ਕਿ ਪਾਣੀ ਦੀ ਬਹੁਤਾਤ ਵਾਲੇ ਉਂਟੇਰੀਓ ਵਿੱਚ ਕੋਲੇ ਦੇ ਗੈਸ ਪਲਾਂਟਾਂ ਨੂੰ ਰਣਨੀਤੀ ਬਣਾਉਣਾ ਜਾਂ ਵਿੰਡ ਪਲਾਂਟ ਲਾਉਣ ਦੀ ਲੋੜ ਕਦੋਂ ਹੈ? ਲਿਬਰਲ ਪਾਰਟੀ ਦੇ ਅੰਤਰਿਮ ਆਗੂ ਜੋਹਨ ਫਰੇਜ਼ਰ ਹਾਲੇ ਵੀ ਆਖ ਰਹੇ ਹਨ ਕਿ ਐਕਟ ਦੇ ਖਤਮ ਹੋਣ ਨਾਲ ਉਂਟੇਰੀਓ ਗਰੀਨ ਐਨਰਜੀ ਦੇ ਮਾਮਲੇ ਵਿੱਚ ਵਿਸ਼ਵ ਦੇ ਹੋਰ ਹਿੱਸਿਆਂ ਨਾਲੋਂ ਪਿੱਛੇ ਰਹਿ ਜਾਵੇਗਾ।

ਕੰਜ਼ਰਵੇਟਿਵ ਸਰਕਾਰ ਨੂੰ ਇਸ ਬਿੱਲ ਦੀ ਥਾਂ ਉੱਤੇ ਕੁੱਝ ਅਜਿਹਾ ਖੜਾ ਕਰਨਾ ਹੋਵੇਗਾ ਜਿਸ ਨਾਲ ਵਿਅਰਥ ਖਰਚਿਆਂ ਅਤੇ ਵਧੇ ਬਿੱਲਾਂ ਨੂੰ ਨੱਥ ਤਾਂ ਪਵੇ ਪਰ ਗਰੀਨ ਐਨਰਜੀ ਦੇ ਸਿਧਾਂਤ ਨੂੰ ਹੀ ਖਤਮ ਨਾ ਕਰ ਦਿੱਤਾ ਜਾਵੇ। ਕੰਜ਼ਰਵੇਟਿਵਾਂ ਉੱਤੇ ਅਕਸਰ ਦੋਸ਼ ਲੱਗਦੇ ਹਨ ਕਿ ਇਹ ਜਲਦਬਾਜ਼ੀ ਵਿੱਚ ਨਹਾਉਣ ਤੋਂ ਬਾਅਦ ਤੌਲੀਏ ਨਾਲ ਬੱਚਾ ਵੀ ਵਗਾਹ ਮਾਰਦੇ ਹਨ। ਟੋਰੀਆਂ ਨੂੰ ਚਾਹੀਦਾ ਹੈ ਕਿ ਇਸ ਐਕਟ ਕਾਰਣ ਗਰੀਨ ਐਨਰਜੀ ਦੇ ਪ੍ਰੋਜੈਕਟਾਂ ਬਾਰੇ ਜੋ ਪਾਬੰਦੀਆਂ ਮਿਊਂਸੀਪਲ ਸਰਕਾਰਾਂ ਉੱਤੇ ਲੱਗੀਆਂ ਸਨ, ਉਹਨਾਂ ਦਾ ਮਿਊਂਸਪੈਲਟੀਆਂ ਲਈ ਕੋਈ ਸਾਰਥਕ ਬਦਲ ਪੇਸ਼ ਕੀਤਾ ਜਾਵੇ।

ਪਿਛਲੀ ਸਰਕਾਰ ਦਾ ਵਾਅਦਾ ਸੀ ਕਿ ਗਰੀਨ ਐਨਰਜੀ ਐਕਟ ਸਦਕਾ ਪ੍ਰੋਵਿੰਸ ਵਿੱਚ 50 ਹਜ਼ਾਰ ਰੁਜ਼ਗਾਰ ਪੈਦਾ ਹੋਣਗੇ। ਅਸਲ ਵਿੱਚ 30 ਹਜ਼ਾਰ ਤੋਂ ਵੀ ਘੱਟ ਨੌਕਰੀਆਂ ਪੈਦਾ ਹੋਈਆਂ ਸੀ। ਸਾਲ 2011 ਵਿੱਚ ਤਤਕਾਲੀ ਆਡੀਟਰ ਜਨਰਲ ਜਿਮ ਮੈਕਕਾਰਟਰ ਨੇ ਪਾਇਆ ਸੀ ਕਿ ਜਿਹਨਾਂ ਨੌਕਰੀਆਂ ਦੇ ਪੈਦਾ ਹੋਣ ਬਾਰੇ ਫੜ੍ਹਾਂ ਮਾਰੀਆਂ ਜਾਂਦੀਆਂ ਸਨ, ਬਹੁ ਗਿਣਤੀ ਵਿੱਚ ਉਹ ਘੱਟੋ ਘੱਟ ਵੇਤਨ ਵਾਲੀਆਂ ਕਨਸਟਰਕਸ਼ਨ ਜੌਬਾਂ ਸਨ ਜਿਹਨਾਂ ਨੇ ਵੱਧ ਤੋਂ ਵੱਧ ਤਿੰਨ ਸਾਲ ਦੇ ਅੰਦਰ ਖਤਮ ਹੋ ਜਾਣਾ ਸੀ। ਵਿਸ਼ਵ ਭਰ ਤੋਂ ਮਿਲਦੀਆਂ ਅਜਿਹੀਆਂ ਰਿਪੋਰਟਾਂ ਦਾ ਕੋਈ ਘਾਟਾ ਨਹੀਂ ਹੈ ਕਿ ਰੀਨਿਊਏਬਲ ਐਨਰਜੀ ਸੈਕਟਰ ਇੱਕ ਫੈਸ਼ਨ ਤੋਂ ਵੱਧ ਕੁੱਝ ਨਹੀਂ ਹੈ, ਜਿਸ ਨਾਲ ਬਿਜਲੀ ਦੇ ਬਿੱਲ ਅਚਾਨਕ ਵੱਧ ਜਾਂਦੇ ਹਨ। ਉਂਟੇਰੀਓ ਵਾਸੀਆਂ ਤੋਂ ਵੱਧ ਕੌਣ ਜਾਣ ਸਕਦਾ ਹੈ ਇਸ ਕੌੜੇ ਸੱਚ ਬਾਰੇ! ਉਂਟੇਰੀਓ ਲਈ ਇੱਕ ਮਾਰ ਇਹ ਰਹੀ ਕਿ ਵਿੰਡ ਪਾਵਰ ਪਲਾਂਟਾਂ ਵਿੱਚ ਬਣੀ ਬਿਜਲੀ ਬੇਮੌਸਮੀ ਹੁੰਦੀ ਸੀ ਜੋ ਸਰਪਲੱਸ ਹੋ ਜਾਂਦੀ ਸੀ। ਇਸ ਸਰਪੱਲਸ ਨੂੰ ਮਹਿੰਗੇ ਭਾਅ ਅਮਰੀਕਾ ਅਤੇ ਕੈਨੇਡਾ ਦੇ ਹੋਰ ਪ੍ਰੋਵਿੰਸਾਂ ਨੂੰ ਅੱਧੇ ਭਾਅ ਵੇਚ-ਚਆ ਜਾਂਦਾ ਸੀ। ਜੇ ਅਜਿਹਾ ਫੈਸ਼ਨ ਗਲੋਂ ਲੱਥ ਗਿਆ ਹੈ ਤਾਂ ਕੋਈ ਹਰਜ਼ ਨਹੀਂ ਮੰਨਿਆ ਜਾਣਾ ਚਾਹੀਦਾ।

## ਸ਼ਿੰਜ਼ੋ ਆਬੇ ਮੁੜ ਬਣੇ ਜਾਪਾਨ ਦੇ ਪ੍ਰਧਾਨ ਮੰਤਰੀ

...ਪੰਨਾ 1 ਦਾ ਬਾਕੀ

ਹੁਣ ਸੰਘਰਸ਼ ਮੁੱਕ ਚੁੱਕਿਆ ਹੈ। ਉਨ੍ਹਾਂ ਸਾਰਿਆਂ ਨੂੰ ਰਲ ਕੇ ਨਵੇਂ ਜਾਪਾਨ ਦਾ ਨਿਰਮਾਣ ਕਰਨ ਦਾ ਸੱਦਾ ਦਿੱਤਾ।

ਆਬੇ ਨੇ ਇਹ ਵੀ ਆਖਿਆ ਕਿ ਉਹ ਆਪਣੇ ਕਾਰਜਕਾਲ ਦੇ ਆਖਰੀ ਵਰ੍ਹਿਆਂ ਨੂੰ ਆਪਣੀ ਨੀਤੀ ਸਬੰਧੀ ਟੀਚੇ ਪੂਰੇ ਕਰਨ ਵਿੱਚ ਲਾਉਣਗੇ। ਉਨ੍ਹਾਂ ਆਖਿਆ ਕਿ ਉਹ ਦੇਸ਼ ਵਿੱਚ ਸ਼ਾਂਤੀ ਬਹਾਲ ਰੱਖਣੀ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ 63 ਸਾਲਾ ਆਬੇ ਦਸੰਬਰ 2012 ਤੋਂ ਪ੍ਰਧਾਨ ਮੰਤਰੀ ਹਨ। ਉਨ੍ਹਾਂ ਆਪਣੀ ਪਾਰਟੀ ਦਾ ਕੰਟਰੋਲ ਬੜੀ ਚੰਗੀ ਤਰ੍ਹਾਂ ਸਾਂਭਿਆ ਤੇ ਆਰਥਿਕ ਅਤੇ ਕੂਟਨੀਤਕ ਨੀਤੀਆਂ ਵਿੱਚ ਸਥਿਰਤਾ ਤੇ ਲਗਾਤਾਰਤਾ ਬਣਾਈ ਰੱਖਣ ਲਈ ਉਨ੍ਹਾਂ ਨੂੰ ਕੰਜ਼ਰਵੇਟਿਵਾਂ ਦਾ ਸਹਿਯੋਗ ਵੀ ਮਿਲਿਆ। ਪਾਰਟੀ ਆਗੂ ਵਜੋਂ ਤੀਜੇ ਕਾਰਜਕਾਲ ਨਾਲ ਆਬੇ ਅਗਸਤ 2021 ਤੱਕ ਜਾਪਾਨ ਦੇ ਸੱਭ ਤੋਂ ਲੰਮੇਂ ਸਮੇਂ ਤੱਕ ਰਹਿਣ ਵਾਲੇ ਪ੍ਰਧਾਨ ਮੰਤਰੀ ਬਣ ਗਏ ਹਨ। ਆਬੇ ਦਾ ਕਹਿਣਾ ਹੈ ਕਿ ਅਮਰੀਕਾ ਵੱਲੋਂ ਤਿਆਰ 1947 ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ਦ੍ਰਿੜ ਇਰਾਦਾ ਰੱਖਦੇ ਹਨ ਤੇ ਇਸ ਦੇ ਨਾਲ ਹੀ 1955 ਵਿੱਚ ਲਿਬਰਲ ਡੈਮੋਕ੍ਰੈਟਿਕ ਪਾਰਟੀ ਦੀ ਦਹਾਕਿਆਂ ਪੁਰਾਣੀ ਪਲੈੱਜ ਵਿੱਚ ਵੀ ਸੋਧ ਕਰਨੀ ਚਾਹੁੰਦੇ ਹਨ। ਇਸ ਤੋਂ ਪਹਿਲਾਂ ਆਬੇ ਦੇ ਪੂਰਵਜਾਂ ਵਿੱਚੋਂ ਕਿਸੇ ਨੇ ਵੀ ਨਾ ਤਾਂ ਇਹ ਟੀਚਾ ਮਿਥਿਆ ਤੇ ਨਾ ਹੀ ਪੂਰਾ ਕਰਨ ਦੀ ਕੋਸ਼ਿਸ਼ ਕੀਤੀ।

## ਲਗਜ਼ਰੀ ਕੌਂਡੋ ਪ੍ਰੋਜੈਕਟ ਰੱਦ ਹੋਣ ਨਾਲ ਲੋਕਾਂ ਦੇ ਸੁਪਨੇ ਟੁੱਟੇ

...ਪੰਨਾ 1 ਦਾ ਬਾਕੀ

ਇਹ ਵੀ ਆਖਿਆ ਗਿਆ ਕਿ ਕਈ ਸਾਲਾਂ ਦੀ ਸਖਤ ਮਿਹਨਤ ਤੇ ਖਰਚੇ ਆਦਿ ਬਾਰੇ ਪੂਰਾ ਵਿਚਾਰ ਵਟਾਂਦਰਾ ਕਰਨ ਤੇ ਯੋਜਨਾਬੰਦੀ ਦੇ ਬਾਵਜੂਦ ਆਇਕੋਨਾ ਪ੍ਰੋਜੈਕਟ ਦੇ ਰੱਦ ਹੋਣ ਨਾਲ ਸਾਨੂੰ ਕਾਫੀ ਨਿਰਾਸ਼ਾ ਹੋਈ ਹੈ। ਇਸ ਪ੍ਰੋਜੈਕਟ ਲਈ ਸਾਨੂੰ ਬਰੋਕਰ ਕਮਿਊਨਿਟੀ, ਕੀਅ ਸਟੇਕਹੋਲਡਰਜ਼ ਤੇ ਖਾਸ ਤੌਰ ਉੱਤੇ ਸਾਡੇ ਕਸਟਮਰਜ਼ ਤੋਂ ਮਿਲੇ ਸਮਰਥਨ ਲਈ ਅਸੀਂ ਸਾਰਿਆਂ ਦੇ ਕਾਫੀ ਧੰਨਵਾਦੀ ਹਾਂ। ਖਰੀਦਦਾਰਾਂ ਨੂੰ 14 ਸਤੰਬਰ ਨੂੰ ਉਨ੍ਹਾਂ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਦਾ ਚੈੱਕ ਵੀ ਭੇਜ ਦਿੱਤਾ ਗਿਆ।

ਫਰਵਰੀ 2017 ਵਿੱਚ 1000 ਯੂਨਿਟਜ਼ ਵਾਲੇ ਇਸ ਕੌਂਡੋਮੀਨੀਅਮ ਵਿੱਚ ਆਪਣੇ ਘਰ ਦਾ ਸੁਪਨਾ ਪੂਰਾ ਕਰਨ ਲਈ ਵਹੀਰਾਂ ਘੱਤ ਕੇ ਲੋਕ ਪਹੁੰਚੇ ਸਨ। ਇਸ ਦੇ ਅਪਰੈਲ 2021 ਵਿੱਚ ਪੂਰਾ ਹੋਣ ਤੇ ਲੋਕਾਂ ਦੇ ਰਹਿਣ ਲਈ ਖੁੱਲ੍ਹਣ ਦੀ ਉਮੀਦ ਸੀ। ਇਸ ਉੱਤੇ ਵਾਅਨ ਦੇ ਮੇਅਰ ਦੇ ਬੁਲਾਰੇ ਨੇ ਆਖਿਆ ਕਿ ਸਿਟੀ ਨੂੰ ਰਸਮੀ ਤੌਰ ਉੱਤੇ ਇਸ ਪ੍ਰੋਜੈਕਟ ਦੇ ਰੱਦ ਹੋਣ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ।

## ਪਾਕਿ ਨਾਲ ਵਿਦੇਸ਼ ਮੰਤਰੀ ਪੱਧਰ ਦੀ ਮੁਲਾਕਾਤ ਲਈ ਭਾਰਤ ਨੇ ਹਾਮੀ ਭਰੀ

...ਪੰਨਾ 1 ਦਾ ਬਾਕੀ

ਵਰਨਣ ਯੋਗ ਹੈ ਕਿ ਭਾਰਤ ਅਤੇ ਪਾਕਿ-ਸਤਾਨ ਦੇ ਵਿਦੇਸ਼ ਮੰਤਰੀਆਂ ਵਿਚਾਲੇ ਨਿਊਯਾਰਕ ਵਿਚ ਯੂ ਐੱਨ ਜਨਰਲ ਅਸੈਂਬਲੀ ਦੀ ਬੈਠਕ ਦੌਰਾਨ ਹੀ ਇਹ ਬੈਠਕ ਹੋਵੇਗੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਦੋਵਾਂ ਦੇਸ਼ਾਂ ਦੀ ਗੱਲਬਾਤ ਦੀ ਤਜਵੀਜ਼ ਰੱਖੀ ਸੀ। ਉਨ੍ਹਾਂ ਨੇ ਇਸ ਚਿੱਠੀ ਵਿਚ ਅਮਨ ਦੀ ਪਹਿਲ ਲਈ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵਿਚਾਲੇ ਯੂ ਐਨ ਜਨਰਲ ਅਸੈਂਬਲੀ ਦੇ ਸੈਸ਼ਨ ਮੌਕੇ ਬੈਠਕ ਦੀ ਤਜਵੀਜ਼ ਦਿੱਤੀ ਸੀ, ਜਿਸ ਬਾਰੇ ਵਿਚਾਰ ਕਰਨ ਪਿੱਛੋਂ ਇਸ ਨੂੰ ਭਾਰਤ ਸਰਕਾਰ ਨੇ ਵੀ ਮਨਜ਼ੂਰ ਕਰ ਲਿਆ ਹੈ।

## ਐਨਰਜੀ ਈਸਟ ਪਾਈਪਲਾਈਨ ਪ੍ਰੋਜੈਕਟ ਬਾਰੇ ਗੱਲਬਾਤ ਮੁੜ ਸ਼ੁਰੂ ਕਰਨ ਲਈ ਸ਼ੀਅਰ ਨੇ ਟਰੂਡੋ ਉੱਤੇ ਪਾਇਆ

...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਆਖਿਆ ਕਿ ਬ੍ਰਿਟਿਸ਼ ਕੋਲੰਬੀਆ ਦੇ ਤੱਟੀ ਇਲਾਕੇ ਵਿੱਚ ਆਉਣ ਵਾਲੇ ਟੈਂਕਰਾਂ ਦੇ ਟਰੈਫਿਕ ਦਾ ਮੁੱਦਾ ਵੀ ਨਹੀਂ ਵਿਚਾਰਿਆ ਗਿਆ ਲੱਗਦਾ। ਸ਼ੀਅਰ ਦੀ ਅਗਵਾਈ ਵਿੱਚ ਕੰਜ਼ਰਵੇਟਿਵ ਪਿਛਲੇ ਕੁੱਝ ਮਹੀਨਿਆਂ ਤੋਂ ਪ੍ਰਧਾਨ ਮੰਤਰੀ ਦੀਆਂ ਅਸਫਲਤਾਵਾਂ ਗਿਣਾਉਂਦੇ ਆ ਰਹੇ ਹਨ। ਇਨ੍ਹਾਂ ਵਿੱਚ ਸੱਭ ਤੋਂ ਉੱਤੇ ਟਰਾਂਸ ਮਾਊਂਟੇਨ ਪਾਈਪਲਾਈਨ ਦਾ ਮੁੱਦਾ ਹੈ। ਬੁੱਧਵਾਰ ਨੂੰ ਓਪਨ ਕਾਕਸ ਮੀਟਿੰਗ ਦੌਰਾਨ ਸ਼ੀਅਰ ਨੇ ਆਖਿਆ ਕਿ ਪ੍ਰਧਾਨ ਮੰਤਰੀ ਨੇ ਅਜਿਹੀ ਪਾਈਪਲਾਈਨ ਨੂੰ ਮਨਜ਼ੂਰੀ ਦੇਣ ਦਾ ਵਾਅਦਾ ਕੀਤਾ ਜਿਸ ਨੂੰ ਸਿਰੇ ਲਾਉਣ ਦੀ ਉਨ੍ਹਾਂ ਦੀ ਕੋਈ ਮੰਸ਼ਾ ਨਹੀਂ ਸੀ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਦੱਖਣੀ ਏਸ਼ੀਆ ਗਰੀਬੀ ਦੀ ਕਮੀ ਲਿਆਉਣ ਦੇ ਪੱਖੋਂ ਦੁਨੀਆ ਭਰ ਤੋਂ ਅੱਗੇ

ਵਾਸ਼ਿੰਗਟਨ, 20 ਸਤੰਬਰ (ਪੋਸਟ ਬਿਊਰੋ)- ਵਿਸ਼ਵ ਬੈਂਕ ਦੇ ਅਨੁਸਾਰ ਭਾਰਤ ਸਮੇਤ ਦੱਖਣ ਏਸ਼ੀਆਈ ਖੇਤਰ ਨੇ ਅਤਿ ਗਰੀਬਾਂ ਦੀ ਗਿਣਤੀ 'ਚ ਕਮੀ ਲਿਆਉਣ ਦੇ ਮਾਮਲੇ 'ਚ ਬਾਕੀ ਦੁਨੀਆ ਦੇ ਮੁਕਾਬਲੇ ਜ਼ਿਕਰ ਯੋਗ ਤਰੱਕੀ ਕੀਤੀ ਹੈ, ਪਰ ਅਜੇ ਵੀ ਗਰੀਬਾਂ ਦੀ ਬਿਹਤਰੀ ਲਈ ਕਾਫੀ ਕੁਝ ਕੀਤੇ ਜਾਣ ਦੀ ਜ਼ਰੂਰਤ ਹੈ।

ਇਸ ਸੰਬੰਧ ਵਿੱਚ ਵਿਸ਼ਵ ਬੈਂਕ ਨੇ ‘ਗਰੀਬੀ ਅਤੇ ਸਾਂਝੀ ਖੁਸ਼ਹਾਲੀ 2018-ਗਰੀਬੀ ਦੀ ਗੁੰਝਲਤਾ ਨੂੰ ਮਿਲ ਕੇ ਹੱਲ ਕਰਨਾ' ਰਿਪੋਰਟ ਨੂੰ ਪੇਸ਼ ਕਰਨ ਤੋਂ ਪਹਿਲਾਂ ਕਿਹਾ ਕਿ 1990 ਤੋਂ 2015 ਵਿੱਚ ਦੁਨੀਆ 'ਚ ਅਤਿ ਗਰੀਬੀ 'ਚ 25 ਫੀਸਦੀ ਕਮੀ ਆਈ ਹੈ ਅਤੇ ਦੱਖਣੀ ਏਸ਼ੀਆ ਵਿੱਚ ਇਨ੍ਹਾਂ ਦੀ ਗਿਣਤੀ 35 ਫੀਸਦੀ ਘੱਟ ਹੋਈ ਹੈ। ਇਹ ਰਿਪੋਰਟ 17 ਅਕਤੂਬਰ ਨੂੰ ਪ੍ਰਕਾਸ਼ਿਤ ਹੋਵੇਗੀ। ਵਿਸ਼ਵ ਬੈਂਕ ਦੇ ਸ਼ੁਰੂਆਤੀ ਅਨੁਮਾਨ ਅਨੁਸਾਰ 2018 ਵਿੱਚ ਭਿਆਨਕ ਗਰੀਬੀ ਘੱਟ ਹੋ ਕੇ 8.6 ਫੀਸਦੀ 'ਤੇ ਆ ਗਈ ਹੈ। ਉਨ੍ਹਾਂ ਕਿਹਾ, ਜੇ ਅਸੀਂ ਇਸ ਮਿਆਦ ਦੌਰਾਨ ਦੱਖਣ ਏਸ਼ੀਆ ਨੂੰ ਦੇਖੀਏ ਤਾਂ ਖੇਤਰ 'ਚ ਭਿਆਨਕ ਗਰੀਬੀ ਦੀ ਦਰ 1990 'ਚ 47 ਫੀਸਦੀ ਤੋਂ ਕੁਝ ਵੱਧ ਸੀ, ਜੋ 2015 'ਚ 12 ਫੀਸਦੀ ਦੇ ਆਲੇ-ਦੁਆਲੇ ਰਹਿ ਗਈ। ਆਖਿਰ ਉਸੇ ਸਮੇਂ ਦੌਰਾਨ ਦੱਖਣ ਏਸ਼ੀਆ ਵਿੱਚ ਬਹੁਤ ਜ਼ਿਆਦਾ ਗਰੀਬੀ ਦੇ ਘੇਰੇ ਵਿੱਚ ਆਉਣ ਵਾਲਿਆਂ ਵਿੱਚ 35 ਫੀਸਦੀ ਕਮੀ ਆਈ ਹੈ। ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ ਕੌਮਾਂਤਰੀ ਪੱਧਰ ਉਤੇ ਗਰੀਬਾਂ ਦੀ ਗਿਣਤੀ 2013 ਦੇ 11 ਫੀਸਦੀ ਦੇ ਮੁਕਾਬਲੇ ਘੱਟ ਹੋ ਕੇ 2015 'ਚ 10 ਫੀਸਦੀ ਰਹਿ ਗਈ।

## ਚੀਨ ਨੇ ਕਿਹਾ: ਗੱਲਬਾਤ ਦੌਰਾਨ ਅਮਰੀਕਾ ਪਾਬੰਦੀ ਲਾਉਣ ਦੀ ਧਮਕੀ ਦਿੰਦੈ

ਬੀਜਿੰਗ, 20 ਸਤੰਬਰ (ਪੋਸਟ ਬਿਊਰੋ)- ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਕੰਗਸ਼ਵਾਂਗ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਅਮਰੀਕਾ ਗੱਲਬਾਤ ਕਰਦੇ ਸਮੇਂ ਪਾਬੰਦੀ ਲਾਉਣ ਦੀ ਧਮਕੀ ਦਿੰਦਾ ਹੈ। ਇਹ ਅਮਰੀਕਾ ਦਾ ਇੱਕ ਫਾਰਮੂਲਾ ਬਣ ਚੁੱਕਾ ਹੈ, ਜਿਹੜਾ ਉਹ ਅਜ਼ਮਾ ਰਿਹਾ ਹੈ।

ਬੀਤੀ 18 ਸਤੰਬਰ ਨੂੰ ਅਮਰੀਕਾ ਨੇ ਦੋ ਖਰਬ ਅਮਰੀਕੀ ਡਾਲਰ ਮੁੱਲ ਦੇ ਚੀਨੀ ਉਤਪਾਦਾਂ 'ਤੇ ਟੈਰਿਫ ਵਧਾਉਣ ਦੀ ਐਲਾਨ ਕੀਤਾ ਸੀ। ਇਸ ਦੀ ਚਰਚਾ ਕਰਦੇ ਹੋਏ ਚੀਨੀ ਬੁਲਾਰੇ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਕਿ ਅਮਰੀਕਾ ਨੇ ਅਜਿਹੀ ਕਾਰਵਾਈ ਕੀਤੀ ਹੈ। ਅਮਰੀਕਾ ਗੱਲਬਾਤ ਕਰਨ ਦੀ ਅਪੀਲ ਕਰਦੇ ਹੋਏ ਪਾਬੰਦੀ ਦੀ ਧਮਕੀ ਦਿੰਦਾ ਹੈ ਅਤੇ ਚੀਨ 'ਤੇ ਦਬਾਅ ਪਾਉਂਦਾ ਹੈ। ਇਸ ਫਾਰਮੂਲੇ ਦੇ ਪ੍ਰਤੀ ਚੀਨ ਬਹੁਤ ਸ਼ਾਂਤ ਰਿਹਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਅਮਰੀਕਾ ਦੀ ਧਮਕੀ ਤੋਂ ਚੀਨ ਨਹੀਂ ਡਰਦਾ। ਚੀਨ ਖੁਦ ਦੇ ਸਮੇਂ ਤਰੀਕ ਅਤੇ ਰੋਡ ਮੈਪ ਦੇ ਮੁਤਾਬਕ ਸੁਧਾਰ ਅਤੇ ਖੁੱਲ੍ਹੇਪਣ ਨੂੰ ਅੱਗੇ ਵਧਾਏਗਾ, ਖੁਦ ਦੇ ਕਾਨੂੰਨੀ ਹਿੱਤਾਂ ਦੀ ਦ੍ਰਿੜ ਰੱਖਿਆ ਕਰੇਗਾ। ਚੀਨ-ਅਮਰੀਕਾ ਸਹਿਯੋਗ ਦਾ ਸਾਰ ਹੈ ਆਪਸੀ ਲਾਭ ਅਤੇ ਸਾਂਝੀ ਜਿੱਤ। ਆਪਸੀ ਸਨਮਾਨ ਦੇ ਆਧਾਰ 'ਤੇ ਗੱਲਬਾਤ ਅਤੇ ਸਲਾਹ ਮਸ਼ਵਰਾ ਕਰਨਾ ਚੀਨ-ਅਮਰੀਕਾ ਸਮੱਸਿਆ ਦਾ ਹਲ ਕਰਨ ਦਾ ਇੱਕੋ-ਇੱਕ ਸਹੀ ਰਾਹ ਹੈ।

## ਹਾਈ ਕੋਰਟ ਨੇ ਫਿਲਮ ਲਵਰਾਤਰੀ ਦੇ ਨਿਰਮਾਤਾ ਤੋਂ ਜਵਾਬ ਮੰਗ ਲਿਆ

ਅਹਿਮਦਾਬਾਦ, 20 ਸਤੰਬਰ (ਪੋਸਟ ਬਿਊਰੋ)- ਗੁਜਰਾਤ ਹਾਈ ਕੋਰਟ ਨੇ ਹਿੰਦੀ ਫਿਲਮ ਲਵਰਾਤਰੀ ਬਾਰੇ ਨਿਰਮਾਤਾ ਸਲਮਾਨ ਖ਼ਾਨ ਦੇ ਪ੍ਰੋਡਕਸ਼ਨ ਹਾਊਸ ਨੂੰ ਜਵਾਬ ਦੇਣ ਲਈ ਕਿਹਾ ਹੈ। ਪਟੀਸ਼ਨਰ ਸਨਾਤਨ ਫਾਊਂਡੇਸ਼ਨ ਦਾ ਕਹਿਣਾ ਹੈ ਕਿ ਇਹ ਫਿਲਮ ਨਵਰ-ਾਤਿਆਂ ਅਤੇ ਗਰਬਾ ਉਤਸਵ ਦੇ ਪੁਰਬ ਉੱਤੇ ਅਧਾਰਤ ਹੈ। ਇਸ ਨਾਲ ਹਿੰਦੂ ਸਮਾਜ ਦੀਆਂ ਭਾਵਨਾਵਾਂ ਨੂੰ ਸੱਟ ਵੱਜਦੀ ਹੈ। ਇਸ ਲਈ ਇਸ ਦੇ ਪ੍ਰਦਰਸ਼ਨ ਉਤੇ ਰੋਕ ਲਾਈ ਜਾਣੀ ਚਾਹੀਦੀ ਹੈ। ਵਿਵਾਦਤ ਫਿਲਮ ਪੰਜ ਅਕਤੂਬਰ ਨੂੰ ਰਿਲੀਜ਼ ਹੋਣ ਵਾਲੀ ਹੈ। ਗੁਜਰਾਤ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਆਰ ਐੱਸ ਰੈਡੀ ਅਤੇ ਜਸਟਿਸ ਵੀ ਐੱਮ ਪੰਚੋਲੀ ਦੇ ਬੈਂਚ ਨੇ ਸਨਾਤਨ ਫਾਊਂਡੇਸ਼ਨ ਦੀ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਉਸ ਨੂੰ ਸੈਂਸਰ ਬੋਰਡ ਦੇ ਸਾਹਮਣੇ ਵੀ ਇਤਰਾਜ਼ ਕਰਨ ਨੂੰ ਕਿਹਾ ਹੈ। ਹਾਈ ਕੋਰਟ ਨੇ ਕਿਹਾ ਕਿ ਉਹ ਲਵਰਾਤਰੀ ਦੇ ਪ੍ਰੋਮੋ ਨੂੰ ਵੇਖਣ ਤੋਂ ਬਾਅਦ ਇਸ ਫਿਲਮ ਦੇ ਪ੍ਰਦਰਸ਼ਨ ਬਾਰੇ ਵਿਚਾਰ ਕਰੇਗੀ। ਉਧਰ ਸਲਮਾਨ ਖ਼ਾਨ ਨੇ ਟਵੀਟ ਕਰਕੇ ਫਿਲਮ ਲਵਰਾਤਰੀ ਦਾ ਨਾਂ ਬਦਲ ਕੇ ‘ਲਵ ਯਾਤਰੀ’ ਕਰਨ ਦਾ ਐਲਾਨ ਕੀਤਾ ਹੈ। ਇਸ ’ਤੇ ਇਤਰਾਜ਼ ਕਰਦੇ ਹੋਏ ਪਟੀਸ਼ਨਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਫਿਲਮ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਫਿਲਮ ਦਾ ਬਦਲਿਆ ਨਾਂ ਵੀ ਉਸੇ ਤਰ੍ਹਾਂ ਦਾ ਅਹਿਸਾਸ ਕਰਵਾਉਂਦਾ ਹੈ।

## ਹਨੀ ਟਰੈਪ ਵਿੱਚ ਫਸਿਆ ਬੀ ਐੱਸ ਐੱਫ ਕਾਂਸਟੇਬਲ ਗ੍ਰਿਫਤਾਰ

ਲਖਨਊ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਹਨੀ ਟਰੈਪ ਵਿੱਚ ਫਸ ਕੇ ਦੇਸ਼ ਦੀਆਂ ਖੁਫੀਆ ਸੂਚਨਾਵਾਂ ਉਸ ਦੇਸ਼ ਨੂੰ ਭੇਜਣ ਦੇ ਦੋਸ਼ ਵਿੱਚ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੇ ਇੱਕ ਕਾਂਸਟੇਬਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੀਮਾ ਸੁਰੱਖਿਆ ਬਲ ਅਤੇ ਉੱਤਰ ਪ੍ਰਦੇਸ਼ ਏ ਟੀ ਐੱਸ ਦੀ ਟੀਮ ਨੇ ਬੀ ਐੱਸ ਐੱਫ ਦੇ ਕਾਂਸਟੇਬਲ ਅਚਿਊਤਾਨੰਦ ਮਿਸ਼ਰ ਨੂੰ ਦੋ ਦਿਨਾਂ ਤੱਕ ਪੁੱਛਗਿੱਛ ਕਰਨ ਮਗਰੋਂ ਮੰਗਲਵਾਰ ਨੂੰ ਉਸ ਨੂੰ ਨੋਇਡਾ ਦੇ ਸੈਕਟਰ 18 ਵਿੱਚੋਂ ਏ ਟੀ ਐੱਸ ਦੇ ਡੀ ਐੱਸ ਪੀ ਮਨੀਸ਼ ਸੋਨਕਰ ਦੀ ਟੀਮ ਨੇ ਗ੍ਰਿਫਤਾਰ ਕੀਤਾ।

ਮੱਧ ਪ੍ਰਦੇਸ਼ ਦੇ ਰੀਵਾ ਜ਼ਿਲ੍ਹੇ ਦੇ ਮੰਡਵਾ ਪਿੰਡ ਦਾ ਵਸਨੀਕ ਅਚਿਊਤਾਨੰਦ ਮਿਸ਼ਰ 2006 ਵਿੱਚ ਬੀ ਐੱਸ ਐੱਫ ਵਿੱਚ ਭਰਤੀ ਹੋਇਆ ਸੀ। ਉੱਤਰ ਪ੍ਰਦੇਸ਼ ਦੇ ਡੀ ਆਈ ਜੀ ਓਮ ਪ੍ਰਕਾਸ਼ ਨੇ ਕੱਲ੍ਹ ਦੁਪਹਿਰ ਪ੍ਰੈੱਸ ਨੂੰ ਦੱਸਿਆ ਕਿ ਮਿਸ਼ਰ ਨੇ ਹਨੀ ਟਰੈਪ ਵਿੱਚ ਫਸ ਕੇ ਖੁਫੀਆ ਸੂਚਨਾਵਾਂ, ਯੂਨਿਟ ਦੀ ਲੋਕੇਸ਼ਨ, ਹਥਿਆਰ, ਗੋਲਾ ਬਾਰੂਦ ਦਾ ਵੇਰਵਾ, ਬੀ ਐੱਸ ਐੱਫ ਕੰਪਲੈਕਸ ਦੀ ਫੋਟੋ ਅਤੇ ਹੋਰ ਸੂਚਨਾਵਾਂ ਇੱਕ ਔਰਤ ਨਾਲ ਸਾਂਝੀਆਂ ਕੀਤੀਆਂ ਸਨ। ਆਪਣੇ ਆਪ ਨੂੰ ਡਿਫੈਂਸ ਦੀ ਰਿਪੋਰਟਰ ਦੱਸਣ ਵਾਲੀ ਇਹ ਔਰਤ ਪਹਿਲਾਂ ਉਸ ਨਾਲ ਆਮ ਗੱਲਾਂ ਕਰਦੀ ਰਹੀ, ਬਾਅਦ ਵਿੱਚ ਮਹੱਤਵ ਪੂਰਨ ਸੂਚਨਾ ਮੰਗਣ ਲੱਗੀ। ਉਨ੍ਹਾਂ ਦੱਸਿਆ ਕਿ ਏ ਟੀ ਐੱਸ ਅਤੇ ਬੀ ਐੱਸ ਐੱਫ ਦੀ ਟੀਮ ਨੇ ਪਹਿਲਾਂ ਦਿੱਲੀ ਤੇ ਨੋਇਡਾ ਵਿੱਚ ਦੋ ਦਿਨ ਇਸ ਬਾਰੇ ਮਿਸ਼ਰ ਕੋਲੋਂ ਪੁੱਛਗਿੱਛ ਕੀਤੀ ਤਾਂ ਮਿਸ਼ਰ ਦੇ ਮੋਬਾਈਲ ਅਤੇ ਫੇਸਬੁਕ ਤੋਂ ਸਾਰੇ ਸਬੂਤ ਮਿਲੇ। ਉਸ ਵੱਲੋਂ ਔਰਤ ਨੂੰ ਭੇਜੇ ਗਏ ਵੀਡੀਓ ਵੀ ਮਿਲੇ ਹਨ। ਪਤਾ ਲੱਗਾ ਹੈ ਕਿ ਮਿਸ਼ਰ 2016 'ਚ ਫੇਸਬੁਕ ਰਾਹੀਂ ਉਪਰੋਕਤ ਔਰਤ ਦੇ ਸੰਪਰਕ ਵਿੱਚ ਆਇਆ ਸੀ। ਮਿਸ਼ਰ ਦੇ ਫੋਨ 'ਚ ਪਾਕਿ-ਸਤਾਨ ਦਾ ਇੱਕ ਫੋਨ ਨੰਬਰ ਪਾਕਿਸਤਾਨੀ ਮਿੱਤਰ ਦੇ ਨਾਂਅ ਨਾਲ ਸੇਵ ਸੀ। ਉਹ ਇਸੇ ਨੰਬਰ 'ਤੇ ਵਟਸਐਪ ਚੈਟ ਕਰਦਾ ਸੀ।

## ਕਾਂਗਰਸ ਵਫਦ ਨੇ ਕੈਗ ਨੂੰ ਮਿਲ ਕੇ ਰਾਫੇਲ ਮਾਮਲੇ ਦੇ ਆਡਿਟ ਦੀ ਮੰਗ ਚੁੱਕੀ

ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਕਾਂਗਰਸ ਦੇ ਸੀਨੀਅਰ ਨੇਤਾਵਾਂ ਨੇ ਕੱਲ੍ਹ ਰਾਫੇਲ ਜਹਾਜ਼ ਸੌਦੇ ਬਾਰੇ ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਰਾਜੀਵ ਮਹਾਰਿਸ਼ੀ ਨੂੰ ਮਿਲ ਕੇ ਇਸ ਸੌਦੇ ਵਿੱਚ ਬੇਨਿਯਮੀਆਂ ਦੇ ਸੰਬੰਧ ਵਿੱਚ ਇਕ ਨਿਸ਼ਚਿਤ ਮਿਆਦ ਦੇ ਅੰਦਰ ‘ਵਿਸ਼ੇਸ਼ ਅਤੇ ਫੋਰੈਂਸਿਕ ਆਡਿਟ' ਦੀ ਮੰਗ ਕੀਤੀ ਹੈ।

ਇਸ ਸੰਬੰਧ ਵਿੱਚ ਪਾਰਟੀ ਨੇਤਾਵਾਂ ਨੇ ਕੈਗ ਨੂੰ ਸੌਂਪੇ ਮੈਮੋਰੈਂਡਮ ਵਿੱਚ ਅਪੀਲ ਕੀਤੀ ਕਿ ਇਸ ਦੇ ਪੂਰੇ ਰਿਕਾਰਡ ਦੀ ਛਾਣਬੀਣ ਕਰ ਕੇ ਇਸ ਦਾ ਆਡਿਟ ਹੋਣਾ ਚਾਹੀਦਾ ਹੈ, ਤਾਂ ਕਿ ਦੇਸ਼ ਦੀ ਜਨਤਾ ਨੂੰ ਸੱਚ ਪਤਾ ਲੱਗ ਸਕੇ ਅਤੇ ਮੋਦੀ ਸਰਕਾਰ ਦੀ ਜ਼ਿੰਮੇਵਾਰੀ ਤੈਅ ਹੋ ਸਕੇ। ਕਾਂਗਰਸ ਦੇ ਖਜ਼ਾਨਚੀ ਅਹਿਮਦ ਪਟੇਲ, ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ, ਪਾਰਲੀਮੈਂਟ ਮੈਂਬਰ ਮੁਕੁਲ ਵਾਸਨਿਕ, ਸੀਨੀਅਰ ਨੇਤਾ ਆਨੰਦ ਸ਼ਰਮਾ, ਜੈਰਾਮ ਰਮੇਸ਼, ਰਣਦੀਪ ਸੁਰਜੈਵਾਲਾ, ਰਾਜੀਵ ਸ਼ੁਕਲਾ ਅਤੇ ਵਿਵੇਕ ਤਨਖਾ ਨੇ ਕੈਗ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਮੰਗ ਪੱਤਰ ਸੌਂਪਿਆ।

ਦੂਸਰੇ ਪਾਸੇ ਕੈਗ ਤੋਂ ਰਾਫੇਲ ਸੌਦੇ ਦੀ ਜਾਂਚ ਕਰਾਉਣ ਦੀ ਕਾਂਗਰਸ ਦੀ ਮੰਗ ਉਤੇ ਕਾਨੂੰਨ ਅਤੇ ਨਿਆ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਕੱਲ੍ਹ ਕਿਹਾ ਕਿ ਇਕ ਨੇਤਾ, ਜਿਸ ਨੂੰ ਮਾਮਲੇ ਦੀ ਜਾਣਕਾਰੀ ਨਹੀਂ ਹੈ, ਕੇਵਲ ਉਨ੍ਹਾਂ ਦੇ ਅਹਿਮ ਦੀ ਸੰਤੁਸ਼ਟੀ ਲਈ ਜਾਂਚ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਕਿਹਾ ਕਿ ਇਹ ਵੀ ਹੈਰਾਨੀ ਦੀ ਗੱਲ ਹੈ ਕਿ ਏ ਕੇ ਐਂਟਨੀ ਅੱਠ ਸਾਲਾਂ ਤੱਕ ਰੱਖਿਆ ਮੰਤਰੀ ਰਹੇ ਅਤੇ ਇਸ ਦੌਰਾਨ ਫੌਜੀਆਂ ਦੇ ਆਧੁਨਿਕੀਕਰਨ ਅਤੇ ਸਸ਼ਕਤੀਕਰਨ ਲਈ ਕੁਝ ਨਹੀਂ ਕੀਤਾ ਜਾ ਸਕਿਆ, ਅੱਜ ਉਹ ਵੀ ਇਸ ਸੌਦੇ 'ਤੇ ਸਵਾਲ ਚੁੱਕ ਰਹੇ ਹਨ।

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

## ਅਮਰੀਕਾ ਦੀ ਅਦਾਲਤ ’ਚ ਗੋਲ਼ੀਬਾਰੀ, ਹਮਲਾਵਰ ਦੀ ਮੌਤ

ਵਾਸ਼ਿੰਗਟਨ, 20 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਪੈਨਸਿਲਵੇਨੀਆ ਰਾਜ ਦੇ ਇਕ ਅਦਾਲਤੀ ਕੰਪਲੈਕਸ ਵਿੱਚ ਇਕ ਗੰਨਮੈਨ ਵੱਲੋਂ ਕੀਤੀ ਗੋਲ਼ੀਬਾਰੀ ’ਚ ਚਾਰ ਜਣੇ ਜ਼ਖ਼ਮੀ ਹੋ ਗਏ, ਜਿਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਪੁਲਿਸ ਨੇ ਚੌਕਸੀ ਵਰਤਦਿਆਂ ਗੰਨਮੈਨ ਨੂੰ ਮੌਕੇ ’ਤੇ ਹੀ ਮਾਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਗੰਨਮੈਨ ਮਾਸੋਨਟਾਊਨ ਬੋਰੋ ਮਿਊਸਪਲ ਸੈਂਟਰ ਵਿਚ ਦੁਪਹਿਰ ਦੋ ਵਜੇ ਆਇਆ ਤੇ ਉਸ ਨੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਪੈਨਸਿਲਵੇਨੀਆ ਦੀ ਸੂਬਾ ਪੁਲਿਸ ਵੱਲੋਂ ਜਾਰੀ ਬਿਆਨ ’ਚ ਕਿਹਾ ਗਿਆ ਹੈ ਕਿ ਗੋਲ਼ੀਬਾਰੀ ਵਿਚ ਚਾਰ ਜਣੇ ਜ਼ਖ਼ਮੀ ਹੋ ਗਏ ਅਤੇ ਪੁਲਿਸ ਨੇ ਗੰਨਮੈਨ ਨੂੰ ਮੌਕੇ ਉਤੇ ਮਾਰ ਦਿੱਤਾ। ਗੰਨਮੈਨ ਵੱਲੋਂ ਗੋਲ਼ੀਬਾਰੀ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ।

ਇਸ ਦੌਰਾਨ ਅਮਰੀਕਾ ਦੇ ਮੈਰੀਲੈਂਡ ਸੂਬੇ ਵਿੱਚ ਅੱਜ ਇਕ ਔਰਤ ਨੇ ਗੋਦਾਮ ਕੰਪਲੈਕਸ ਵਿੱਚ ਤਿੰਨ ਲੋਕਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤੇ ਤਿੰਨ ਜ਼ਖ਼ਮੀ ਕਰ ਦਿੱਤੇ। ਹਾਰਫੋਰਡ ਕਾਊਂਟੀ ਦੇ ਸ਼ੈਰਿਫ ਜੈਫਰੀ ਗਾਹਲੇਰ ਦੇ ਮੁਤਾਬਕ ਹਮਲਾਵਰ ਔਰਤ ਨੇ ਬਾਅਦ ਵਿੱਚ ਆਪਣੇ ਸਿਰ ਵਿੱਚ ਗੋਲੀ ਮਾਰ ਲਈ, ਜਿਸ ਕਾਰਨ ਉਸ ਦੀ ਵੀ ਮੌਤ ਹੋ ਗਈ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ
- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਨਾਹਰਾ 'ਬੇਟੀ ਬਚਾਉ, ਬੇਟੀ ਪੜ੍ਹਾਉ' : ਪਰ ਸੁਰਖਿਆ ਦੀ ਗਰੰਟੀ ਨਹੀਂ



ਜਸਵੰਤ ਸਿੰਘ 'ਅਜੀਤ'
91 95 82 71 98 90

ਭਾਰਤ ਸਰਕਾਰ ਵਲੋਂ ਦੇਸ਼ ਦੀਆਂ ਮੁਟਿਆਰਾਂ ਨੂੰ ਆਤਮ-ਨਿਰਭਰ ਬਣਾ, ਉਨ੍ਹਾਂ ਦੇ ਸੁਨਹਿਰੀ ਭਵਿਖ ਦੀ ਸਿਰਜਨਾ ਕਰਨ ਲਈ, ਬੀਤੇ ਕਈ ਵਰ੍ਹਿਆਂ ਤੋਂ ਦੇਸ਼ ਨੂੰ ਇਹ ਨਾਹਰਾ, 'ਬੇਟੀ ਬਚਾਉ ਬੇਟੀ ਪੜ੍ਹਾਉ' ਦਿੱਤਾ ਗਿਆ ਹੋਇਆ ਹੈ। ਇਸ ਨਾਹਰੇ ਨੂੰ ਸਾਰਥਕਤਾ ਪ੍ਰਦਾਨ ਕਰਨ ਲਈ ਬੜੇ ਹੀ ਜ਼ੋਰ-ਸ਼ੋਰ ਦੇ ਨਾਲ ਇਹ ਪ੍ਰਚਾਰ ਵੀ ਕੀਤਾ ਜਾਂਦਾ ਚਲਿਆ ਆ ਰਿਹਾ ਹੈ ਕਿ 'ਪੜ੍ਹਨਗੀਆਂ ਮੁਟਿਆਰਾਂ ਤਾਂ ਹੀ ਉਹ ਅੱਗੇ ਵਧਣਗੀਆਂ'। ਇਸ ਵਿੱਚ ਕੋਈ ਸ਼ਕ ਨਹੀਂ ਕਿ ਇਹ ਨਾਹਰੇ ਦੇਸ਼ ਦੀਆਂ ਮੁਟਿਆਰਾਂ ਦਾ ਭਵਿਖ ਸੁਆਰਨ ਪ੍ਰਤੀ ਦੇਸ਼ ਵਾਸੀਆਂ ਦੀ ਉਸਾਰੂ ਸੋਚ ਤੇ ਉਨ੍ਹਾਂ ਦੇ ਦ੍ਰਿੜ੍ਹ ਸਕੰਲਪ ਨੂੰ ਪ੍ਰਗਟ ਕਰਦੇ ਹਨ। ਇਤਨਾ ਹੀ ਨਹੀਂ, ਇਸਦੇ ਨਾਲ ਇਹ ਨਾਹਰੇ ਇਸ ਸੰਕਲਪ ਪ੍ਰਤੀ ਦੇਸ਼ ਵਾਸੀਆਂ ਦੀ ਸਾਰਥਕ ਪਹੁੰਚ ਨੂੰ ਵੀ ਦਰਸਾਂਦੇ ਹਨ। ਪ੍ਰੰਤੂ ਜੇ ਇਨ੍ਹਾਂ ਨਾਹਰਿਆਂ ਦੀ ਸਾਰਥਕਤਾ ਨੂੰ ਵਰਤਮਾਨ ਹਾਲਾਤ ਨਾਲ ਜੋੜ ਕੇ ਗੰਭੀਰਤਾ ਨਾਲ ਘੋਖਿਆ ਜਾਏ ਤਾਂ ਜ਼ਮੀਨੀ ਹਕੀਕਤ ਕੁਝ ਹੋਰ ਹੀ ਉਭਰ ਕੇ ਸਾਹਮਣੇ ਆਉਂਦੀ ਹੈ। ਖਬਰਾਂ ਅਨੁਸਾਰ ਬੀਤੇ ਦਿਨੀਂ ਰਿਵਾੜੀ (ਹਰਿਆਣਾ) ਦੀ ਇੱਕ ਪ੍ਰਤਿਭਾਸ਼ਾਲੀ ਵਿਦਿਆਰਥਣ ਨਾਲ ਜੋ ਕੁਝ ਵਾਪਰਿਆ, ਉਸਤੋਂ ਪਤਾ ਲਗਦਾ ਹੈ ਕਿ ਦੇਸ਼ ਵਿੱਚ ਕੁੜੀਆਂ ਦੀ ਪੜ੍ਹਾਈ, ਉਨ੍ਹਾਂ ਦੀ ਸੁਰਖਿਆ ਦੀ ਗਰੰਟੀ ਬਿਲਕੁਲ ਨਹੀਂ ਹੈ। ਉਹ ਭਾਵੇਂ ਮੁੰਡਿਆਂ ਨੂੰ ਪੜ੍ਹਾਈ ਵਿੱਚ ਪਛਾੜ ਆਪਣੇ ਝੰਡੇ ਗਡ ਦੇਣ, ਪਰ ਉਨ੍ਹਾਂ ਨੂੰ ਅਗੇ ਵਧਣ ਤੋਂ ਰੋਕਣ ਲਈ ਭਾਰਤੀ ਸਮਾਜ ਵਿੱਚ ਕਈ ਤਰ੍ਹਾਂ ਦੇ ਜ਼ਾਲਮਾਨਾ ਰਾਹ ਮੌਜੂਦ ਹਨ। ਉਸ ਮੁਟਿਆਰ, ਜੋ ਸੀਬੀਐਸਈ ਵਿੱਚ ਟਾਪ ਕਰ ਨਾ ਕੇਵਲ ਆਪਣੇ ਪਰਿਵਾਰ, ਸਗੋਂ ਆਪਣੇ ਸ਼ਹਿਰ ਅਤੇ ਰਾਜ ਲਈ ਮਾਣ ਦਾ ਕਾਰਣ ਬਣੀ, ਨਾਲ ਸਥਾਨਕ ਬਦਮਾਸ਼ਾਂ ਦਾ ਟੋਲਾ ਅਤਿ ਬੇਰਹਿਮੀ ਨਾਲ ਬਲਾਤਕਾਰ ਕਰਦਾ ਹੈ, ਤਾਂ ਇਉਂ ਜਾਪਦਾ ਜਿਵੇਂ ਸਾਡੇ ਸਮਾਜ ਵਿੱਚ ਅਨੇਕਾਂ ਤਰ੍ਹਾਂ ਦੀਆਂ ਗੜਬੜੀਆਂ ਹਨ ਜਿਨ੍ਹਾਂ ਨੂੰ ਸੁਧਾਰਣ ਦੀ ਬਹੁਤ ਲੋੜ ਹੈ। ਇਹ ਘਟਨਾ ਉਸ ਹਰਿਆਣੇ ਦੀ ਹੈ, ਜਿਸਦੀਆਂ ਮੁਟਿਆਰਾਂ ਨੇ ਪਿਛਲੇ ਦਿਨੀਂ ਹੋਈਆਂ ਏਸ਼ੀਆਡ ਖੇਡਾਂ ਵਿੱਚ ਜਿਤਨੇ ਬਹੁਤੇ ਮੈਡਲ ਆਪਣੇ ਰਾਜ ਨੂੰ ਦੁਆਏ, ਉਤਨੇ ਸ਼ਾਇਦ ਹੀ ਕਿਸੇ ਹੋਰ ਰਾਜ ਦੀਆਂ ਮੁਟਿਆਰਾਂ ਨੇ ਆਪਣੇ ਰਾਜ ਨੂੰ ਦੁਆਏ ਹੋਣਗੇ। ਹਾਲਾਂਕਿ ਮੰਨਿਆ ਇਹ ਜਾਂਦਾ ਹੈ ਕਿ ਇਹ ਮਾਮਲਾ ਕਿਸੇ ਦੂਸਰੇ ਰਾਜ ਨਾਲ ਤੁਲਨਾ ਕਰਨ ਜਾਂ ਮੈਡਲਾਂ ਦੀ ਗਿਣਤੀ ਕਰਨ ਨਾਲ ਸੰਬੰਧਤ ਨਹੀਂ। ਗਲ ਸਿਰਫ ਇਤਨੀ ਹੈ ਕਿ ਜਿਸ ਰਾਜ ਦੀਆਂ ਮੁਟਿਆਰਾਂ ਦੁਨੀਆਂ ਵਿੱਚ ਆਪਣੀ ਸਫਲਤਾ ਦੇ ਝੰਡੇ ਗਡ ਰਹੀਆਂ ਹੋਣ, ਉਸੇ ਰਾਜ ਵਿੱਚ ਜੇ ਇਸਤਰ੍ਹਾਂ ਦੀਆਂ ਘਿਨਾਉਣੀਆਂ ਘਟਨਾਵਾਂ ਵਾਪਰ ਰਹੀਆਂ ਹੋਣ ਤਾਂ ਇਸਦਾ ਮਤਲਬ ਸਾਫ ਹੈ ਕਿ ਦੇਸ਼ ਵਿੱਚ ਹੇਠਲੇ ਪੱਧਰ ਤੇ ਅਜੇ ਬਹੁਤ ਕੁਝ ਕਰਨਾ ਬਾਕੀ ਹੈ।

ਕੌਮੀ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰ-ਪਰਸਨ ਵੀ. ਮੋਹਿਨੀ ਗਿਰੀ ਨੇ ਇਸ ਘਟਨਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਕਿ ਸੀਬੀਐਸਈ ਦੀ ਟਾਪਰ ਰਹੀ ਰਿਵਾੜੀ ਦੀ ਉਸ, ਬਲਾਤਕਾਰ ਦਾ ਸ਼ਿਕਾਰ ਹੋਈ ਮੁਟਿਆਰ ਦੀਆਂ ਅੱਖਾਂ ਵਿੱਚ ਨਿਸ਼ਚੇ ਹੀ ਆਪਣੇ ਭਵਿਖ ਦੇ ਕਈ ਸੁਨਹਿਰੀ ਸੁਪਨੇ ਪਲ ਰਹੇ ਹੋਣਗੇ। ਪਰ ਇੱਕ ਝਟਕੇ ਨਾਲ ਹੀ ਸਭ ਕੁਝ ਖਤਮ ਹੋ ਗਿਆ। ਉਸਨੂੰ ਉਸ ਸਮੇਂ ਦਰਿੰਦਗੀ ਦਾ ਸ਼ਿਕਾਰ ਬਣਾਇਆ ਗਿਆ, ਜਦੋਂ ਉਹ ਪੜ੍ਹਨ ਜਾ ਰਹੀ ਸੀ। ਉਨ੍ਹਾਂ ਹੋਰ ਲਿਖਿਆ ਕਿ ਨਿਤ ਹੀ ਅਜਿਹੀਆਂ ਘਟਨਾਵਾਂ ਦੇ ਵਾਪਰਦਿਆਂ ਰਹਿਣ ਦਾ ਹੀ ਨਤੀਜਾ ਹੈ ਕਿ ਅੱਜ ਦੇਸ਼ ਦੀ ਕੋਈ ਮੁਟਿਆਰ ਆਪਣੇ ਆਪਨੂੰ ਸੁਰਖਿਅਤ ਮਹਿਸੂਸ ਨਹੀਂ ਕਰਦੀ। ਸਾਰੀਆਂ ਇਸੇ ਸ਼ੰਕਾ ਵਿੱਚ ਜੀਅ ਰਹੀਆਂ ਹਨ ਕਿ ਪਤਾ ਨਹੀਂ ਕਦੋਂ ਅਤੇ ਕਿਸ ਨਾਲ ਅਨਹੋਣੀ ਵਾਪਰ ਜਾਏ। ਇਹੀ ਕਾਰਣ ਹੈ ਕਿ ਸਾਡੇ ਸ਼ਹਿਰ 'ਰੇਪ ਸਿਟੀ ਆਫ ਦਾ ਵਰਲਡ' ਵਜੋਂ ਮੰਨੇ ਜਾਣ ਲਗੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਸਲ ਸੁਆਲ ਇਹ ਹੈ ਕਿ ਅਜੇ ਵੀ ਅਸੀਂ ਮੁਟਿਆਰਾਂ ਨੂੰ ਕੁਚਲਣ ਦੀ ਮਾਨਸਿਕਤਾ ਦਾ ਤੋੜ ਕਿਉਂ ਨਹੀਂ ਤਲਾਸ਼ ਪਾ ਰਹੇ? ਫਿਰ ਉਹ ਆਪ ਹੀ ਆਪਣੇ ਇਸ ਸੁਆਲ ਦਾ ਜਵਾਬ ਦਿੰਦੇ ਹੋਇਆਂ ਲਿਖਦੇ ਹਨ ਕਿ ਅਸਲ ਵਿੱਚ ਇਸਦੇ ਕਈ ਕਾਰਣ ਹਨ। ਸਭ ਤੋਂ ਵੱਡਾ ਕਾਰਣ ਤਾਂ ਇਹੀ ਹੈ ਕਿ ਬਲਾਤਕਾਰ ਪੀੜਤਾ ਨੂੰ ਛੇਤੀ ਹੀ ਇਨਸਾਫ ਨਹੀਂ ਮਿਲ ਪਾਂਦਾ। ਅਜਿਹੇ ਮਾਮਲਿਆਂ ਨੂੰ ਨਿਪਟਾਣ ਵਿੱਚ ਕਾਫੀ ਲੰਬਾ ਸਮਾਂ ਲਗਦਾ ਹੈ। ਕਿਉਂਕਿ ਪਹਿਲਾਂ ਤਾਂ ਦੋਸ਼ੀ ਜਲਦੀ ਪਕੜੇ ਨਹੀਂ ਜਾਂਦੇ। ਫਿਰ ਜੇ ਉਨ੍ਹਾਂ ਨੂੰ ਪਕੜ ਲਿਆ ਵੀ ਜਾਂਦਾ ਹੈ, ਤਾਂ ਉਸਨੂੰ ਛੱਡਣ ਲਈ ਪੁਲਿਸ ਪੁਰ ਰਾਜਸੀ ਦਬਾਅ ਪੈਣਾ ਸ਼ੁਰੂ ਹੋ ਜਾਂਦਾ ਹੈ। ਇਤਨਾ ਕੁਝ ਹੋਣ ਦੇ ਬਾਵਜੂਦ ਜੇ ਦੋਸ਼ੀ ਅਦਾਲਤ ਤਕ ਪੁਜ ਜਾਏ, ਤਾਂ ਕਾਨੂੰਨੀ ਪ੍ਰਕ੍ਰਿਆ ਇਤਨੀ ਪੇਚੀਦਾ ਲੰਮੀਂ ਹੁੰਦੀ ਹੈ ਕਿ ਸਮੇਂ ਦੇ ਬੀਤਣ ਨਾਲ ਇਨਸਾਫ ਪ੍ਰਾਪਤੀ ਦੀ ਆਸ ਦਮ ਤੋੜਦੀ ਜਾਂਦੀ ਹੈ ਅਤੇ ਇੱਕ ਸਮਾਂ ਅਜਿਹਾ ਆ ਜਾਂਦਾ ਹੈ ਕਿ ਸ਼ਾਇਦ ਹੀ ਪੀੜਤਾ ਵਾਸਤੇ ਇਨਸਾਫ ਦੀ ਕੋਈ ਬਹੁਤੀ ਮਹਤੱਤਾ ਰਹਿ ਜਾਂਦੀ ਹੋਵੇ। ਉਹ ਹੋਰ ਲਿਖਦੇ ਹਨ ਕਿ ਦੇਸ਼ ਵਿੱਚ ਹਰ ਰੋਜ਼ ਬਲਾਤਕਾਰ ਦੀਆਂ ਕਈ ਘਟਨਾਵਾਂ ਵਾਪਰਦੀਆਂ ਹਨ, ਪਰ ਸ਼ੋਰ ਕੁਝ-ਕੁ ਘਟਨਾਵਾਂ ਦਾ ਪੈਂਦਾ ਹੈ, ਇਸ ਸ਼ੋਰ ਵਿੱਚ ਬਲਾਤਕਾਰੀਆਂ ਨੂੰ ਫਾਂਸੀ ਤਕ ਦੀ ਸਜ਼ਾ ਦਿੱਤੇ ਜਾਣ ਦੀ ਮੰਗ ਵੀ ਕੀਤੀ ਜਾਣ ਲਗਦੀ ਹੈ। ਉਨ੍ਹਾਂ ਇਹ ਵੀ ਦਸਿਆ ਕਿ ਬੀਤੇ ਸਮੇਂ ਵਿੱਚ ਇਨ੍ਹਾਂ ਉਲਝਣਾ ਭਰੀ ਸਥਿਤੀ ਵਿਚੋਂ ਬਾਹਰ ਨਿਕਲਣ ਅਤੇ ਵਿਵਸਥਾ ਨੂੰ ਸੁਧਾਰਨ ਦੇ ਨਾਲ ਹੀ ਪੀੜਤਾ ਨੂੰ ਸਹਿਮ ਅਤੇ ਡਰ ਦੀ ਸਥਿਤੀ ਵਿਚੋਂ ਉਭਾਰਨ ਨਾਲ ਸੰਬੰਧਤ ਸਰਕਾਰ ਨੂੰ ਢੇਰਾਂ ਸਿਫਾਰਿਸ਼ਾਂ ਭੇਜੀਆਂ ਗਈਆਂ ਸਨ। ਪਰ ਜਾਪਦਾ ਹੈ ਕਿ ਉਨ੍ਹਾਂ ਸਾਰੀਆਂ ਸਿਫਾਰਿਸ਼ਾਂ ਦੀਆਂ ਫਾਈਲਾਂ ਧੂੜ ਫਕ ਰਹੀਆਂ ਹਨ। ਵੀ. ਮੋਹਿਨੀ ਗਿਰੀ ਨੇ ਇਹ ਵੀ ਦਸਿਆ ਕਿ ਦਿੱਲੀ ਵਿੱਚ ਵਾਪਰੇ ਨਿਰਭਿਆ ਕਾਂਡ ਤੋਂ ਬਾਅਦ ਸਰਕਾਰ ਵਲੋਂ ਗਠਤ ਕੀਤੇ ਜਸਟਿਸ ਵਰਮਾ ਕਮੇਟੀ ਨੇ ਜੋ ਸਿਫਾਰਿਸ਼ਾਂ ਕੀਤੀਆਂ ਹਨ, ਜੇ ਉਹ ਹੀ ਠੀਕ ਤਰ੍ਹਾਂ ਲਾਗੂ ਹੋ ਜਾਣ, ਤਾਂ ਵੀ ਹਾਲਾਤ ਵਿੱਚ ਕਾਫੀ ਹਦ ਤਕ ਕੁਝ ਸੁਧਾਰ ਹੋ ਸਕਦਾ ਹੈ। ਇਸਦੇ ਨਾਲ ਹੀ ਉਹ ਦੁਖੀ ਹਿਰਦੇ ਨਾਲ ਕਹਿੰਦੇ ਹਨ, ਪਰ ਅਜਿਹਾ ਹੋਵੇ ਤਾਂ ਹੀ ਨਾ? ਉਨ੍ਹਾਂ ਦਸਿਆ ਕਿ ਸਰਕਾਰ ਨੇ ਇੱਕ ਨਿਰਭਿਆ ਫੰਡ ਵੀ ਕਾਇਮ ਕੀਤਾ ਹੋਇਆ ਹੈ। ਪਰ ਉਸਦਾ ਪੈਸਾ ਕਿਥੇ ਖਰਚ ਹੋ ਰਿਹਾ ਹੈ? ਸਰਕਾਰ ਇਸ ਸੁਆਲ ਦਾ ਜਵਾਬ ਦੇਣ ਦੀ ਸਥਿਤੀ ਵਿੱਚ ਨਹੀਂ! ਉਨ੍ਹਾਂ ਪੁਛਿਆ ਕੀ ਇਸ ਫੰਡ ਦੇ ਪੈਸੇ ਦੀ ਵਰਤੋਂ ਪੀੜਤ ਮੁਟਿਆਰਾਂ ਦੀਆਂ ਸਹੂਲਤਾਂ ਵਿੱਚ ਵਾਧਾ ਕਰਨ ਲਈ ਨਹੀਂ ਹੋ ਸਕਦੀ? ਕੀ ਸਰਕਾਰ ਵਲੋਂ ਡਾਕਟਰਾਂ ਦੀਆਂ ਅਜਿਹੀਆਂ ਟੀਮਾਂ ਗਠਤ ਨਹੀਂ ਕੀਤੀਆਂ ਜਾ ਸਕਦੀਆਂ, ਜੋ ਬਲਾਤਕਾਰ ਦੇ ਮਾਮਲਿਆਂ ਨੂੰ ਪਹਿਲ ਦੇ ਅਧਾਰ ਤੇ ਵੇਖਣ?

...ਅਤੇ ਅੰਤ ਵਿੱਚ : ਬੀਤੇ ਦਿਨੀਂ ਮੁਖ ਚੋਣ ਕਮਿਸ਼ਨਰ ਓਪੀ ਰਾਵਤ ਨੇ ਸਵੀਕਾਰ ਕਰ ਹੀ ਲਿਆ ਕਿ ਭਾਰਤ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਵਿੱਚ ਦੇਸ਼ ਦੇ ਵਰਤਮਾਨ ਕਾਨੂੰਨ ਕਾਰਗਰ ਸਾਬਤ ਨਹੀਂ ਹੋ ਪਾ ਰਹੇ। ਇਸਲਈ ਕਮਿਸ਼ਨ ਸਰਕਾਰੀ ਵਿੱਤੀ ਸਹਾਇਤਾ (ਸਟੇਟ ਫੰਡਿੰਗ) ਨਾਲ ਚੋਣ ਲੜਨ ਜਿਹੇ ਸੁਧਾਰਾਤਮਕ ਉਪਾਵਾਂ ਦੀ ਤਲਾਸ਼ ਕਰ ਰਿਹਾ ਹੈ। ਉਨ੍ਹਾਂ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੋਣਾਂ ਵਿੱਚ ਪੈਸੇ ਦੀ ਦੁਰਵਰਤੋਂ, ਭਾਰਤ ਅਤੇ ਭਾਰਤੀ ਚੋਣਾਂ ਲਈ ਮੁਖ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਮੰਨਿਆ ਕਿ ਭਾਰਤ ਦਾ ਵਰਤਮਾਨ ਕਾਨੂੰਨੀ ਢਾਂਚਾ ਇਸ ਸਮਸਿਆ ਨਾਲ ਨਿਪਟਣ ਵਿੱਚ ਪੂਰੀ ਤਰ੍ਹਾਂ ਉਪਯੋਗੀ ਨਹੀਂ ਹਨ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਮਹਿਸੂਸ ਕਰਦਾ ਹੈ ਕਿ ਚੋਣਾਂ ਵਿੱਚ ਧਨ-ਬਲ ਦੀ ਵਰਤੋਂ ਪੁਰ ਕਾਬੂ ਪਾਣਾ ਬਹੁਤ ਹੀ ਜ਼ਰੂਰੀ ਹੈ।

# ਮੰਦਭਾਗੇ ਵਿਵਾਦ ਵਿੱਚ ਫਸਿਆ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ


-ਵਿਪਿਨ ਪੱਬੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਪਾਕਿਸਤਾਨ 'ਚ ਸਥਿਤ ਇਤਿਹਾਸਕ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਕੋਰੀਡੋਰ ਖੋਲ੍ਹਣ ਦਾ ਪ੍ਰਸਤਾਵ ਬਦਕਿਸਮਤੀ ਨਾਲ ਇੱਕ ਸਿਆਸੀ ਵਿਵਾਦ 'ਚ ਫਸ ਗਿਆ ਹੈ। ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਰੋਹ ਵਿੱਚ ਪਾਕਿ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਭਾਰਤੀ ਪੰਜਾਬ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਪਾਈ ਗਈ ਜੱਫੀ ਅੱਜ ਹਿੰਸਕ ਅਤੇ ਤਿੱਖੇ ਵਿਵਾਦ 'ਚ ਉਲਝ ਗਈ ਹੈ। ਇਹ ਸਭ ਨੂੰ ਪਤਾ ਹੈ ਕਿ ਪੰਜਾਬੀ, ਖਾਸ ਕਰ ਕੇ ਸਿੱਖ ਪਾਕਿਸਤਾਨ 'ਚੋਂ ਇਥੋਂ ਸਿਰਫ ਤਿੰਨ ਕਿਲੋਮੀਟਰ ਅੰਦਰ ਪੈਂਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਲਾਂਘੇ ਦੀ ਮੰਗ ਕਰਦੇ ਹਨ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 15 ਤੋਂ ਵੱਧ ਸਾਲ ਬਿਤਾਏ ਸਨ। ਇਹ ਦੇਖਣ ਲਈ ਭਾਰਤ ਵੱਲ ਗੁਰਦੁਆਰਾ ਸਾਹਿਬ ਨੇੜੇ ਪੈਂਦੀ ਸਰਹੱਦ 'ਤੇ ਜਾਣਾ ਪੈਂਦਾ ਹੈ ਕਿ ਕਿਵੇਂ ਗੁਰਦੁਆਰਾ ਸਾਹਿਬ ਦੀ ਝਲਕ ਦੇਖਣ ਲਈ ਸ਼ਰਧਾਲੂ ਉਥੇ ਇਕੱਠੇ ਹੁੰਦੇ ਹਨ। ਬਹੁਤ ਸਾਰੇ ਲੋਕ ਦਿਲ 'ਚ ਅਰਦਾਸ ਕਰਦੇ ਹਨ ਕਿ ਇੱਕ ਨਾ ਇੱਕ ਦਿਨ ਉਹ ਗੁਰਦੁਆਰਾ ਸਾਹਿਬ 'ਚ ਜਾ ਕੇ ਮੱਥਾ ਟੇਕ ਸਕਣ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਸ਼ਰਧਾਲੂਆਂ ਲਈ ਗੁਰਦੁਆਰਾ ਕਰਤਾਰਪੁਰ ਸਾਹਿਬ ਜਾ ਕੇ ਅਰਦਾਸ ਕਰਨ ਦਾ ਸ਼ਾਨਦਾਰ ਮੌਕਾ ਹੈ ਤੇ ਪਾਕਿਸਤਾਨ ਵੱਲੋਂ ਕੀਤੀ ਗਈ ਲਾਂਘਾ ਖੋਲ੍ਹਣ ਦੀ ਪੇਸ਼ਕਸ਼ ਦਾ ਸਾਰਿਆਂ ਨੂੰ ਸਵਾਗਤ ਕਰਨਾ ਚਾਹੀਦਾ ਸੀ। ਪਾਕਿਸਤਾਨ ਪਹਿਲਾਂ ਗੁਰਪੁਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬ ਲਈ ਰਸਤਾ ਖੋਲ੍ਹ ਦਿੰਦਾ ਹੈ ਤੇ ਭਾਰਤ ਵੀ ਦਰਿਆਦਿਲੀ ਦਿਖਾ ਕੇ ਅਜਮੇਰ ਸ਼ਰੀਫ ਦਰਗਾਹ ਅਤੇ ਮੁਸਲਮਾਨਾਂ ਲਈ ਹੋਰਨਾਂ ਅਹਿਮ ਥਾਵਾਂ ਵਾਸਤੇ ਪਾਕਿਸਤਾਨ ਤੋਂ ਸ਼ਰਧਾਲੂਆਂ ਨੂੰ ਆਉਣ ਦੀ ਇਜਾਜ਼ਤ ਦੇ ਦਿੰਦਾ ਹੈ। ਪਾਕਿਸਤਾਨ ਵੱਲੋਂ ਅਜਿਹੀ ਭਾਵਨਾ ਦਾ ਪ੍ਰਦਰਸ਼ਨ ਨਾ ਪਾਕਿਸਤਾਨੀ ਫੌਜ ਤੇ ਨਾ ਉਥੋਂ ਦੇ ਸ਼ਾਸਕਾਂ ਨੂੰ ਭਾਰਤ 'ਤੇ ਵਾਰ-ਵਾਰ ਤੇ ਲਗਾਤਾਰ ਕੀਤੇ ਜਾਣ ਵਾਲੇ ਹਮਲਿਆਂ ਤੋਂ ਬਰੀ ਕਰਦਾ ਹੈ। ਇਸ ਇੱਕ ਸੁਹਿਰਦਤਾ ਦੀ ਦੋਵਾਂ ਦੇਸ਼ਾਂ ਵਿਚਾਲੇ ਹੋਰਨਾਂ ਮੁੱਦਿਆਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਭਾਰਤ-ਪਾਕਿ ਵਿਚਾਲੇ ਸਰਹੱਦ ਜਲਦਬਾਜ਼ੀ ਵਿੱਚ ਬ੍ਰਿਟਿਸ਼ ਇੰਜੀਨੀਅਰ ਮੈਕਮੋਹਨ ਨੇ ਦੋ ਮਹੀਨਿਆਂ ਅੰਦਰ ਤੈਅ ਕੀਤੀ ਸੀ, ਜੋ ਪਹਿਲਾਂ ਕਦੇ ਭਾਰਤ ਨਹੀਂ ਆਇਆ ਸੀ ਤੇ ਨਾ ਹੀ ਉਸ ਨੂੰ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਸੀ। ਉਸ ਨੇ ਸਿਰਫ ਰਾਵੀ ਨਦੀ 'ਤੇ ਇੱਕ ਲਾਈਨ ਖਿੱਚ ਦਿੱਤੀ। ਕੋਈ ਵੀ ਅੰਦਾਜ਼ਾ ਲਾ ਸਕਦਾ ਸੀ ਕਿ ਜੇ ਉਸ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਮਹੱਤਤਾ ਬਾਰੇ ਪਤਾ ਹੁੰਦਾ ਤਾਂ ਉਹ ਉਸ ਨੂੰ ਭਾਰਤੀ ਖੇਤਰ ਵਿੱਚ ਸ਼ਾਮਲ ਕਰ ਦਿੰਦਾ।

ਖੈਰ, ਜਦੋਂ ਤੋਂ ਬਨਾਉਟੀ ਰੇਖਾ ਖਿੱਚੀ ਗਈ, ਉਦੋਂ ਤੋਂ ਸਰਹੱਦ ਕਦੇ ਸਥਾਈ ਨਹੀਂ ਰਹੀ। ਜੰਗਾਂ ਤੋਂ ਬਾਅਦ ਇਸ 'ਚ ਤਬਦੀਲੀਆਂ ਆਉਂਦੀਆਂ ਰਹੀਆਂ। ਜ਼ਮੀਨਾਂ ਦੀ ਸ਼ੁਰੂਆਤੀ ਸ਼ਾਂਤੀਪੂਰਨ ਅਦਲਾ ਬਦਲੀ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਸਮਾਧੀਆਂ ਪਾਕਿਸਤਾਨ ਨੇ ਜ਼ਮੀਨ ਦੇ ਇੱਕ ਟੋਟੇ ਬਦਲੇ ਭਾਰਤ ਨੂੰ ਦੇ ਦਿੱਤੀਆਂ। ਏਥੋਂ ਤੱਕ ਕਿ ਪਿੱਛੇ ਜਿਹੇ 1947 ਤੋਂ ਬਾਅਦ ਵਾਲੀਆਂ ਵਿਵਾਦ ਪੂਰਨ ਜ਼ਮੀਨਾਂ ਦਾ ਹੱਲ ਕੱਢਣ ਲਈ ਭਾਰਤ ਅਤੇ ਬੰਗਲਾ ਦੇਸ਼ ਵਿਚਾਲੇ ਕਈ ਖੇਤਰਾਂ ਦੀ ਅਦਲਾ-ਬਦਲੀ ਕੀਤੀ ਗਈ। ਭਾਰਤ ਨੂੰ ਪਾਕਿਸਤਾਨ ਨਾਲ ਜ਼ਮੀਨ ਦੀ ਸੰਭਾਵੀ ਅਦਲਾ-ਬਦਲੀ ਦੀ ਗੱਲ ਕਰਨੀ ਚਾਹੀਦੀ ਹੈ ਤਾਂ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਭਾਰਤ ਵਿੱਚ ਸ਼ਾਮਲ ਕੀਤਾ ਜਾ ਸਕੇ। ਅਜਿਹੇ ਯਤਨ ਕਰਨ ਦੀ ਥਾਂ ਅਕਾਲੀ ਦਲ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕਰਨ ਵਿੱਚ ਸਭ ਤੋਂ ਅੱਗੇ ਹੈ।

ਜਿੱਥੇ ਸਿੱਧੂ ਤੇ ਅਕਾਲੀ ਲੀਡਰਸ਼ਿਪ ਦੀ ਦੁਸ਼ਮਣੀ ਬਾਰੇ ਸਭ ਜਾਣਦੇ ਹਨ, ਉਥੇ ਸਿੱਧੂ ਨੂੰ ਰਾਸ਼ਟਰ ਵਿਰੋਧੀ, ਇਥੋਂ ਤੱਕ ਕਿ ਆਈ ਐੱਸ ਆਈ ਦਾ ਏਜੰਟ ਕਹਿਣਾ ਮੂਰਖਤਾ ਵਾਲੀ ਗੱਲ ਹੈ।



ਅਕਾਲੀ ਦਲ ਦੀ ਗਠਜੋੜ ਭਾਈਵਾਲ ਭਾਜਪਾ ਨੇ ਵੀ ਹਾਂ-ਪੱਖੀ ਰਵੱਈਆ ਨਹੀਂ ਅਪਣਾਇਆ। ਕੁਝ ਲੀਕ ਹੋਈਆਂ ਕਹਾਣੀਆਂ, ਜੋ ਸਪੱਸ਼ਟ ਤੌਰ ਉੱਤੇ ਅਕਾਲੀਆਂ ਦੀ ਸ਼ਹਿ 'ਤੇ ਕੀਤੀਆਂ ਗਈਆਂ, ਅਨੁਸਾਰ ਸਿੱਧੂ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ 'ਖਿਚਾਈ' ਕੀਤੀ ਹੈ। 'ਖਿਚਾਈ' ਕਿਸ ਲਈ, ਇਹ ਸਪੱਸ਼ਟ ਨਹੀਂ ਕੀਤਾ।

ਅਕਾਲੀ ਜੋ ਬੇਅਦਬੀ ਦੀਆਂ ਘਟਨਾਵਾਂ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਮੱਦੇਨਜ਼ਰ ਇਸ ਸਮੇਂ ਮੁਸ਼ਕਲ ਸਥਿਤੀ 'ਚ ਹਨ, ਪੂਰੇ ਜ਼ੋਰ ਨਾਲ ਲੜ ਰਹੇ ਹਨ। ਉਹ ਸਿੱਖਾਂ ਦੇ ਅਸਲੀ ਨੁਮਾਇੰਦੇ ਹੋਣ ਦਾ ਦਾਅਵਾ ਕਰਦੇ ਹਨ, ਪਰ ਉਨ੍ਹਾਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਵੀ ਉਨ੍ਹਾਂ ਲੋਕਾਂ ਦੇ ਭਾਵਨਾਤਮਕ ਤੌਰ 'ਤੇ ਬਹੁਤ ਨੇੜੇ ਹੈ, ਜਿਨ੍ਹਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਹਨ। ਇਹ ਉਨ੍ਹਾਂ ਦੇ ਆਪਣੇ ਭਵਿੱਖ ਦੇ ਹਿੱਤ ਵਿੱਚ ਹੋਵੇਗਾ ਕਿ ਉਹ ਪਾਕਿਸਤਾਨ ਕੋਲ ਇਹ ਮੁੱਦਾ ਉਠਾਉਣ ਲਈ ਭਾਰਤ ਸਰਕਾਰ 'ਤੇ ਦਬਾਅ ਬਣਾਉਣ।

BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

1% Top Ranked Broker
Call For a Quick & Free Home Evaluation
www.BramptonQuickHomeEvaluation.com
Urgently Need New Listing in Brampton/GTA Call Jag Today To Sell Your Property For Top $$$ & Accurate Price
**2016,2015,2014,2013 **(2009,2008) 2012,2011,2010)** RE/MAX International **(2010) **(2014)
RE/MAX Realty Specialist Inc., Brokerage (Independently Owned and Operated) Off: 905-456-3232
Other Realtors only Promise
But JAG AUJLA SOLD YOUR HOME WITH
GUARANTEED*
OR HE'LL BUY IT!*
www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
Visit us at: www.jagaujla.com
BRAMPTON $729,905
ਬਵੇਰਡ/ਜੇਮਜ਼ ਪੋਟਰ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 ਬੈਡਰੂਮ ਐਂਡ 3 ਵਾਸ਼ਰੂਮ ਦਾ ਸੈਮੀ ਡਿਟੈਚ, ਡਬਲ ਸਟੋਰੀ ਘਰ, unspoiled ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ ਸਹੂਲਤਾਂ ਦੇ ਨੇੜੇ।
BRAMPTON $869,905
ਬਰੈਮਲੀ, ਸੈਂਡਲਵੁਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4+2 ਬੈਡਰੂਮ ਐਂਡ 4 ਵਾਸ਼ਰੂਮ ਸੈਮੀ ਡਿਟੈਚ ਡਬਲ ਸਟੋਰੀ ਘਰ, ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਮਾਸਟਰ ਬੈਡਰੂਮ ਨੂੰ 5 ਪੀਸ ਈਨ ਸੂਟ, ਅਪਗ੍ਰੇਡਿਡ ਕਿਚਨ, ਡਬਲ ਡੋਰ ਗਰਾਜ਼, ਕਿਚਨ ਨੂੰ ਬੈਕ ਸਪਲੈਸ਼, ਸਟਨਲੈਸ ਸਟੀਲ ਅਪਲਾਇੰਸਿਸ, ਆਦਿ ਸਹੂਲਤਾਂ ਦੇ ਨੇੜੇ।
BRAMPTON $1,098,905
ਜੇਮਜ਼ ਪੋਟਰ/ਬੋਣੀ ਬਰੇਸ
ਬਹੁਤ ਸੋਹਣਾ 4+1 ਬੈਡਰੂਮ ਐਂਡ 5 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, 3359 ਸਕੇਅਰ ਫੁੱਟ ਵਿੱਚ, ਫਿਨਿਸ਼ਡ ਬੈਸਮੈਂਟ, ਹਾਰਡਵੁਡ ਫਲੋਰ, ਮਾਸਟਰ ਬੈਡਰੂਮ 5 ਪੀਸ ਈਨਸੂਟ,ਓਕ ਸਟੇਅਰਕੇਸ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬੱਸ ਸਟਾਪ, ਆਦਿ ਸਹੂਲਤਾਂ ਦੇ ਨੇੜੇ।
BRAMPTON $1,489,905
ਗੋਰਵੇ & ਕੰਟਰੀਸਾਇਡ
ਬਹੁਤ ਸੋਹਣਾ ਅਤੇ ਸਾਫ ਸੁਥਰਾ 4 + 2 ਬੈਡਰੂਮ ਐਂਡ 5 ਵਾਸ਼ਰੂਮ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੇਟ ਏਨਟਰੈਂਸ, ਗਰਾਜ ਨੂੰ ਡਬਲ ਡੋਰ ਏਨਟਰੀ, ਕਿਚਨ ਨੂੰ ਬੇਕ ਸਪਲੈਸ਼, ਸਟੇਨਲੈਸ ਸਟੀਲ ਅਪਲਾਇੰਸਿਸ, ਡਬਲ ਡੋਰ ਏਨਟਰੀ, ਸਕੂਲ, ਪਾਰਕ, ਪਲਾਜ਼ਾ ਆਦਿ ਸਹੂਲਤਾਂ ਦੇ ਨੇੜੇ।
BRAMPTON $1,798,905
ਕਵੀਨ/ਮਿਸੀਸਾਗਾ ਰੋਡ
ਬਹੁਤ ਹੀ ਸੋਹਣਾ 5+1 ਬੈਡਰੂਮ ਐਂਡ 5 ਵਾਸ਼ਰੂਮ ਆਫ਼ਿਸ +3 ਕਾਰ ਗਰਾਜ, + 7 ਕਾਰਾਂ ਦੀ ਬਾਹਰ ਪਾਰਕਿੰਗ, 10 ਫੁੱਟ ਸੀਲਿੰਗ, ਦੂਸਰਾ ਫਲੋਰ ਤੇ ਬੇਸਮੈਂਟ 9 ਫੁੱਟ ਸੀਲਿੰਗ, ਲੋਡਡ ਵਿਦ ਟਨਸ ਆਫ ਅਪਗ੍ਰੇਡਜ਼, 90 ਪੋਟ ਲਾਈਟਸ, ਸਮੂਥ ਸੀਲਿੰਗ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।
Offering 3 Acres of Land
GUELPH $1,250,000
ਗੋਲਫ, 540 ਯਾਰਕ ਰੋਡ
540 ਯਾਰਕ ਰੋਡ ਪ੍ਰਾਪਰਟੀ ਵਿੱਚ ਤੁਸੀ ਵਾਹੀਕਲ/ਆਟੋ, ਗੇਸ ਬਾਰ, ਕਾਰ ਵਾਸ਼, ਸਟਰੋਰੇਜ ਆਦਿ ਦਾ ਕਾਰੋਬਾਰ ਕਰ ਸਕਦੇ ਹੋ। ਤਿੰਨ ਏਕੜ ਦੀ ਖਾਲੀ ਜ਼ਮੀਨ। ਹਾਈ ਟਰੇਫਿਕ ਅਤੇ ਵਿਕਾਸਸ਼ੀਲ ਏਰੀਆ, ਪਰਾਈਮ ਲੋਕੇਸ਼ਨ, ਜੋਨਜ਼ ਵਿੱਚ ਬਦਲਾਓ ਆ ਸਕਦੇ ਹਨ । ਗੋਲਫ ਇੰਨੋਵੈਸ਼ਨ ਡਿਸਟ੍ਰੀਕ ਵਲੋਂ ਅਪਰੂਵਡ ਜ਼ਮੀਨ। ਇੰਵੇਸਟਰਾਂ ਅਤੇ ਬਿਲਡਰਾਂ ਲਈ ਵਧੀਆ ਮੋਕਾ।

Complete Auto Repair
Melanie Tire
Open 7 Days a Week
Mon-Sat: 9.00am to 7.00pm
Sunday: 11.00am to 4.00pm
- Laser Wheel Alignment
- Safety & Emmission
- New and Used Tires + Rims
- Fluid Changes, Flushing
- Rotor and Brakes
- Rust Proofing & Other Automotive Services
5 Melanie Dr. #3, Brampton, ON, L6T 4KB
905.500.9714

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholstery@gmail.com

# 2019 ਦੀਆਂ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ ਖੇਤਰੀ ਪਾਰਟੀਆਂ

-ਵੇਦ ਪ੍ਰਕਾਸ਼ ਗੁਪਤਾ-

2019 ਦੀਆਂ ਚੋਣਾਂ ਸਿਰ 'ਤੇ ਹਨ। ਭਾਰਤ ਵਿੱਚ ਰਾਜਸੀ ਸਰਗਰਮੀਆਂ ਤੇ ਸਾਜ਼ਿਸ਼ਾਂ ਵੀ ਸਰਗਰਮ ਹਨ। ਨਿਊਜ਼ ਚੈਨਲਾਂ ਵਿੱਚ ਵੱਖ-ਵੱਖ ਪਾਰਟੀਆਂ ਦੇ ਬੁਲਾਰੇ ਇੱਕ-ਦੂਜੇ 'ਤੇ ਇਸ ਤਰ੍ਹਾਂ ਚੀਕਦੇ ਹਨ ਕਿ ਸੁਣਨ ਵਾਲਿਆਂ ਦੇ ਕੰਨਾਂ ਦੇ ਪਰਦੇ ਫਟਦੇ ਹਨ। ਸੋਸ਼ਲ ਮੀਡੀਆ ਦੀ ਗਲਤ ਵਰਤੋਂ ਕਰਨਾ ਹਰ ਸਿਆਸੀ ਪਾਰਟੀ ਦਾ ਧਰਮ ਹੋ ਗਿਆ ਹੈ। ਸਿਆਸੀ ਪਾਰਟੀਆਂ 'ਚ ਹਰ ਨਵੇਂ ਦਿਨ ਸਿਆਸੀ ਗਠਜੋੜ ਬਣਦੇ-ਟੁੱਟਦੇ ਹਨ। ਇਨ੍ਹਾਂ ਚੀਜ਼ਾਂ ਕਾਰਨ ਇਹ ਤੈਅ ਹੈ ਕਿ ਨਾ ਭਾਜਪਾ ਅਤੇ ਨਾ ਕਾਂਗਰਸ 272 ਦਾ ਅੰਕੜਾ ਆਪਣੇ ਤੌਰ 'ਤੇ ਹਾਸਲ ਕਰ ਕੇ ਇਕੱਲੇ ਤੌਰ 'ਤੇ ਆਪਣੀ ਸਰਕਾਰ ਬਣਾ ਸਕਣਗੇ।

2014 'ਚ ਭਾਜਪਾ ਨੂੰ ਆਪਣੇ ਤੌਰ 'ਤੇ 282 ਸੀਟਾਂ ਮਿਲੀਆਂ ਸਨ। ਨਰਿੰਦਰ ਮੋਦੀ ਨੇ ਇਸ ਦੇ ਲਈ ਬੜੀ ਤੇਜ਼ੀ ਨਾਲ ਮੁਹਿੰਮ ਚਲਾਈ, ਇਹ ਜਾਣਦੇ ਹੋਏ ਵੀ ਕਿ ਜਿਹੜੇ ਵਾਅਦੇ ਉਹ ਕਰ ਰਹੇ ਹਨ, ਉਹ ਕਿਸੇ ਹਾਲਤ ਵਿੱਚ ਪੂਰੇ ਨਹੀਂ ਹੋ ਸਕਣਗੇ, ਬਿਨਾਂ ਲੋੜ ਦੇ ਉਹ ਕੌਮ ਅਤੇ ਦੇਸ਼ ਨਾਲ ਵਾਅਦੇ ਕਰਦੇ ਚਲੇ ਗਏ। 2014 ਦੀਆਂ ਚੋਣਾਂ ਵਿੱਚ ਇੱਕ ਨਵਾਂ ਰੁਝਾਨ ਬਣਿਆ ਕਿ ਇਲੈਕਸ਼ਨ ਕੰਪੇਨ ਕਰਦੇ ਹੋਏ ਬਹੁਤ ਵਾਅਦੇ ਕਰੋ, ਲੋਕਾਂ ਦੀਆਂ ਜ਼ਰੂਰਤਾਂ ਅਤੇ ਉਨ੍ਹਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਕਰ ਕੇ ਆਪਣੀ ਹਕੂਮਤ ਕਾਇਮ ਕਰੋ ਅਤੇ ਹਕੂਮਤ ਬਣਦੇ ਹੀ ਉਨ੍ਹਾਂ ਵਾਅਦਿਆਂ ਨੂੰ ਸੰਜੀਦਗੀ ਨਾਲ ਨਾ ਲੈਂਦੇ ਹੋਏ ਦੇਸ਼ ਨੂੰ ਅੰਕੜਿਆਂ ਦੇ ਜਾਲ ਵਿੱਚ ਫਸਾ ਕੇ ਆਪਣਾ ਉਲੂ ਸਿੱਧਾ ਕਰ ਲਵੋ। ਅੱਜ ਲਗਭਗ ਸਾਰੀਆਂ ਪਾਰਟੀਆਂ ਇਸ ਰਾਹ 'ਤੇ ਚੱਲ ਪਈਆਂ ਹਨ। ਝੂਠੇ ਵਾਅਦੇ ਪਹਿਲਾਂ ਵੀ ਹੁੰਦੇ ਸਨ, ਪਰ ਕੁਝ ਹੱਦ ਤੱਕ।

ਨਰਿੰਦਰ ਮੋਦੀ ਦੀ ਸਰਕਾਰ ਤੋਂ ਦੇਸ਼ ਨੂੰ ਕਈ ਆਸਾਂ ਸਨ। ਸਬ ਕਾ ਸਾਥ, ਸਬ ਕਾ ਵਿਕਾਸ, ਅੱਛੇ ਦਿਨ ਆਏਂਗੇ, ਬੇਰੋਜ਼ਗਾਰੀ ਖਤਮ ਹੋਵੇਗੀ, ਮਹਿੰਗਾਈ ਘੱਟ ਹੋਵੇਗੀ, ਮੇਕ ਇਨ ਇੰਡੀਆ, ਹਰ ਨੌਜਵਾਨ ਨੂੰ ਰੋਜ਼ਗਾਰ ਮਿਲਣ ਦੀਆਂ ਆਸਾਂ ਹਰ ਭਾਰਤਵਾਸੀ ਦੇ ਦਿਲ 'ਚ ਜਾਗਣ ਲੱਗੀਆਂ। ਸਮਾਰਟ ਸਿਟੀ ਪ੍ਰੋਜੈਕਟ, ਬੈਂਕਾਂ ਦੇ ਸਿਸਟਮ ਵਿੱਚ ਸੁਧਾਰ ਵਰਗੇ ਦਿਲ ਲੁਭਾਉਣ ਵਾਲੇ ਲਾਰਿਆਂ ਨੂੰ ਜੇ ਸੱਚੇ ਦਿਲ ਨਾਲ ਅਮਲੀ ਜਾਮਾ ਪਹਿਨਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਤਾਂ ਅੱਜ ਦਾ ਸਿਆਸੀ ਮਾਹੌਲ ਕੁਝ ਨਵੇਂ ਅੰਦਾਜ਼ ਦਾ ਹੁੰਦਾ। ਚੰਗਾ ਹੁੰਦਾ ਜੇ ਮੋਦੀ ਸਰਕਾਰ ਬੇਲੋੜੇ ਝਗੜਿਆਂ ਵਿੱਚ ਨਾ ਫਸ ਕੇ ਲੋਕਾਂ ਦੀਆਂ ਅਸਲ ਤਕਲੀਫਾਂ ਦਾ ਹੱਲ ਕੱਢਣ 'ਚ ਜ਼ੋਰ ਲਾਉਂਦੀ, ਜਿਸ ਦੇ ਲਈ ਜ਼ਿਆਦਾ ਪਾਰਲੀਮੈਂਟ ਬਹਿਸ ਜਾਂ ਨਵੇਂ ਕਾਨੂੰਨ ਬਣਾਉਣਾ ਜ਼ਰੂਰੀ ਨਾ ਹੁੰਦਾ। ਭਾਜਪਾ ਦੀ ਹਿੰਦੂਤਵ ਸਿਆਸੀ ਸੋਚ ਤਾਂ ਜਗ-ਜ਼ਾਹਰ ਹੈ। ਇਸ ਦੇ ਲਈ ਭਲਾ ਹੋਰ ਜ਼ਿਆਦਾ ਹਿੰਦੂ-ਮੁਸਲਿਮ ਦੂਰੀਆਂ ਵਧਾਉਣ, ਜਿਸ ਕਾਰਨ ਮੁਲਕ ਵਿੱਚ ਨਫਰਤ ਅਤੇ ਆਪਸੀ ਝਗੜੇ ਵਧ ਜਾਣ, ਦੀ ਗੁੰਜਾਇਸ਼ ਹੋਵੇ, ਦੇ ਰੁਝਾਨ 'ਤੇ ਰੋਕ ਕਿਉਂ ਨਾ ਲੱਗੀ।

ਚੰਗੀ ਹਕੂਮਤ ਦਾ ਲਾਭ ਇਸ ਗੱਲ ਤੋਂ ਮਿਲਦਾ ਹੈ ਕਿ ਆਮ ਲੋਕਾਂ ਦੇ ਦੁੱਖ ਦਰਦ ਦੂਰ ਕੀਤੇ ਜਾਣ। ਸਸਤੇ ਅਤੇ ਮੁਫਤ ਇਲਾਜ ਤੇ ਪੜ੍ਹਾਈ ਦਾ ਪ੍ਰਬੰਧ ਕੀਤੀ ਜਾਵੇ। ਭ੍ਰਿਸ਼ਟਾਚਾਰ 'ਤੇ ਰੋਕ ਲੱਗਦੀ ਅਤੇ ਕਾਨੂੰਨ ਰਾਹੀਂ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਕਰਨ ਦੀ ਕਿਸੇ 'ਚ ਵੀ ਹਿੰਮਤ ਨਾ ਹੁੰਦੀ। ਇਸ ਕੰਮ ਲਈ ਅਜਿਹੀਆਂ ਸਖਤ ਸਜ਼ਾਵਾਂ ਦੀ ਵਰਤੋਂ ਕੀਤੀ ਜਾਂਦੀ ਕਿ ਇਹ ਬੁਰਾਈ ਭਾਰਤ ਦੇਸ਼ ਤੋਂ ਹਮੇਸ਼ਾ ਲਈ ਖਤਮ ਹੋ ਜਾਂਦੀ। ਪੈਂਡਿੰਗ ਪ੍ਰੋਜੈਕਟ ਅਤੇ ਵਿਕਾਸ ਕਾਰਜਾਂ ਦੇ ਪ੍ਰੋਗਰਾਮਾਂ ਨੂੰ ਸਮੇਂ 'ਤੇ ਪੂਰਾ ਕਰ ਕੇ ਦੇਸ਼ ਲਈ ਪੈਸਿਆਂ ਦੀ ਬੱਚਤ ਕੀਤੀ ਜਾਂਦੀ। ਕੌਮੀ ਨਿਰਮਾਣ 'ਤੇ ਖਾਸ ਧਿਆਨ ਦੇਣ ਲਈ ਨਵੇਂ ਧਾਰਮਿਕ ਅਤੇ ਸਿਆਸੀ ਪ੍ਰੋਗਰਾਮਾਂ ਨੂੰ ਸਮੇਂ 'ਤੇ ਪੂਰਾ ਕਰ ਕੇ ਦੇਸ਼ ਲਈ ਪੈਸਿਆਂ ਦੀ ਬੱਚਤ ਕੀਤੀ ਜਾਂਦੀ। ਕੌਮੀ ਨਿਰਮਾਣ 'ਤੇ ਖਾਸ ਧਿਆਨ ਦੇਣ ਲਈ ਨਵੇਂ ਧਾਰਮਿਕ ਅਤੇ ਸਿਆਸੀ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਜਾਂਦੀ। ਨਵੇਂ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦਾ ਨਿਰਮਾਣ ਹੁੰਦਾ। ਨਿਆਂ ਪਾਲਿਕਾ ਵੱਲੋਂ ਜਲਦੀ ਫੈਸਲੇ ਸੁਣਾਉਣ ਲਈ ਨਵੇਂ ਕੋਰਟ ਰੂਮ, ਨਵੇਂ ਜੱਜ ਅਤੇ ਸਟਾਫ ਦੀ ਵਿਵਸਥਾ ਕੀਤੀ ਜਾਂਦੀ। ਪਾਰਲੀਮੈਂਟ ਤੇ ਸੂਬਾਈ ਅਸੈਂਬਲੀਆਂ ਲਈ ਰੂਲ ਬਣਾਇਆ ਜਾਂਦਾ ਕਿ ਉਹ ਵਿਦੇਸ਼ੀ ਯਾਤਰਾ ਦੇ ਨਾਲ ਨਾਲ ਫਰੰਟ ਚੌਕੀਆਂ 'ਤੇ ਫੌਜੀਆਂ ਦੀਆਂ ਜ਼ਰੂਰਤਾਂ ਨੂੰ ਸਮਝਣ ਲਈ ਕਾਰਗਿਲ ਕਸ਼ਮੀਰ ਤੇ ਨਕਸਲੀ ਇਲਾਕਿਆਂ ਵਿੱਚ ਜਾ ਕੇ ਉਨ੍ਹਾਂ ਦੇ ਹਾਲਾਤ ਦਾ ਪ੍ਰੀਖਣ ਕਰਨ ਅਤੇ ਫੇਰ ਉਨ੍ਹਾਂ ਦਾ ਹੱਲ ਕੱਢਣ ਲਈ ਹਕੂਮਤ ਦਾ ਸਾਥ ਦੇਣ। ਮੈਂਬਰ ਪਾਰਲੀਮੈਂਟ ਅਤੇ ਅਸੈਂਬਲੀ ਮੈਂਬਰਾਂ ਤੇ ਅਫਸਰਾਂ ਦਆਂ ਰੋਜ਼ ਵੱਧ ਰਹੀਆਂ ਤਨਖਾਹਾਂ ਅਤੇ ਭੱਤਿਆਂ 'ਤੇ ਰੋਕਥਾਮ ਲਈ ਕੋਈ ਇਹੋ ਜਿਹਾ ਬਾ-ਅਖਤਿਆਰ ਕਮਿਸ਼ਨ ਜਾਂ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ, ਜਿਸ ਦੇ ਨਾਲ ਆਮ ਲੋਕਾਂ ਨੂੰ ਖੁਸ਼ੀ ਮਿਲਦੀ, ਪਰ ਇਹੋ ਜਿਹਾ ਕੁਝ ਵੀ ਨਹੀਂ ਹੋਇਆ। ਜਦੋਂ ਸਮਾਰਟ ਸਿਟੀ ਪ੍ਰੋਜੈਕਟ ਦਾ ਐਲਾਨ ਹੋਇਆ ਤਾਂ ਲੋਕਾਂ ਨੂੰ ਲੱਗਾ ਕਿ ਚੰਡੀਗੜ੍ਹ ਪੈਟਰਨ 'ਤੇ ਹਰ ਸੂਬੇ ਵਿੱਚ ਇੱਕ ਨਵੇਂ ਸ਼ਹਿਰ ਦਾ ਨਿਰਮਾਣ ਹੋਵੇਗਾ, ਜਿੱਥੇ ਲੱਖਾਂ ਲੋਕਾਂ ਨੂੰ ਨਵੇਂ ਰੋਜ਼ਗਾਰ ਮਿਲਣਗੇ। ਇਸ ਕੰਮ ਲਈ ਸਰਕਾਰ ਨੇ ਸਿਰਫ ਜ਼ਮੀਨ ਅਲਾਟ ਕਰ ਕੇ ਉਥੇ ਇਨਫਰਾਸਟ੍ਰਕਚਰ ਬਣਾ ਕੇ ਲੋਕਾਂ ਦੀ ਰਿਹਾਇਸ਼, ਦੁਕਾਨਾਂ ਤੇ ਫੈਕਟਰੀਆਂ ਦੇ ਲਈ ਪਲਾਟਾਂ ਦੀ ਨਿਸ਼ਾਨਦੇਹੀ ਕਰਨੀ ਸੀ। ਪਲਾਟ ਲੋਕਾਂ ਨੇ ਆਪਣੀ ਲੋੜ ਮੁਤਾਬਕ ਆਪ ਖਰੀਦਣੇ ਹੁੰਦੇ ਹਨ, ਪਰ ਇਹ ਨਹੀਂ ਹੋਇਆ, ਇਸ ਦੀ ਜਗ੍ਹਾ ਨਵੀਆਂ ਸ਼ਰਤਾਂ ਦੇ ਨਾਲ ਵੱਡੇ ਸ਼ਹਿਰਾਂ ਵਿੱਚ ਇਹ ਪ੍ਰੋਜੈਕਟ ਦਿੱਤੇ ਗਏ ਅਤੇ ਨਤੀਜੇ ਦੇ ਤੌਰ 'ਤੇ ਇਹ ਪ੍ਰੋਜੈਕਟ ਫਲਾਪ ਹੋ ਗਏ।

ਪੈਟਰੋਲ, ਡੀਜ਼ਲ ਅਤੇ ਘਰੇਲੂ ਗੈਸ ਦੀਆਂ ਵਧੀਆਂ ਕੀਮਤਾਂ ਦੇ ਨਾਲ ਲੋਕਾਂ ਦਾ ਦਮ ਘੁੱਟ ਰਿਹਾ ਹੈ। ਭਾਰਤ ਵਿੱਚ ਤਕਰੀਬਨ 20 ਰਾਜਾਂ ਵਿੱਚ ਭਾਜਪਾ ਸਰਕਾਰਾਂ ਹਨ। ਇਸ ਪੈਟਰੋਲ, ਡੀਜ਼ਲ ਤੇ ਘਰੇਲੂ ਗੈਸ ਨੂੰ ਜੀ ਐਸ ਟੀ ਦੇ ਦਾਇਰੇ ਵਿੱਚ ਲੈ ਕੇ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ 'ਤੇ ਕੰਟਰੋਲ ਕਿਉਂ ਨਹੀਂ ਕੀਤਾ ਗਿਆ। ਜਿਨ੍ਹਾਂ ਸੂਬਿਆਂ ਵਿੱਚ ਭਾਜਪਾ ਵਿਰੋਧੀ ਪਾਰਟੀਆਂ ਦਾ ਸ਼ਾਸਨ ਹੈ, ਉਨ੍ਹਾਂ ਨੂੰ ਇਸ ਕਾਰਜ 'ਚ ਸਾਥ ਦੇਣਾ ਪੈਂਦਾ, ਬਸ਼ਰਤੇ ਕਿ ਕੇਂਦਰ ਸਰਕਾਰ ਸੂਬਾਈ ਸਰਕਾਰਾਂ ਨੂੰ ਕੁਝ ਰਾਹਤ ਦਿੰਦੀ ਅਤੇ ਮਜਬੂਰ ਕਰਦੀ ਕਿ ਉਹ ਆਪਣੇ ਖਰਚੇ ਘਟਾਉਣ।

ਅਸੀਂ ਬਿਜਲੀ ਦੀ ਵਰਤੋਂ ਕਰਦੇ ਹਾਂ ਅਤੇ ਉਸ ਦੇ ਲਈ ਮਨਚਾਹੇ ਭੁਗਤਾਨ ਦਿੰਦੇ ਹਾਂ। ਪਾਣੀ ਅਤੇ ਸੀਵਰੇਜ਼ ਦਾ ਬਿੱਲ ਵੱਖਰਾ ਦੇਣਾ ਪੈਂਦਾ ਹੈ। ਸੜਕ 'ਤੇ ਵਾਹਨ ਚਲਾਉਂਦੇ ਹਾਂ ਤਾਂ ਰੋਡ ਟੈਕਸ ਤੋਂ ਇਲਾਵਾ ਟੋਲ ਟੈਕਸ ਦੇਣਾ ਪੈਂਦਾ ਹੈ। ਕਿਸੇ ਨਵੀਂ ਚੀਜ਼ ਦੇ ਬਣਾਉਣ 'ਤੇ ਉਸ 'ਚ ਵਰਤੀ ਗਈ ਹਰ ਚੀਜ਼ 'ਤੇ ਟੈਕਸ ਤੇ ਫਿਰ ਬਣੀ ਹੋਈ ਚੀਜ਼ 'ਤੇ ਟੈਕਸ ਹੁੰਦਾ ਹੈ। ਜਦੋਂ ਕੀਮਤਾਂ ਵਧਦੀਆਂ ਹਨ ਤਾਂ ਸੂਬਾ ਸਰਕਾਰਾਂ ਦਾ ਵੈਟ ਟੈਕਸ ਵਧਦਾ ਹੈ, ਲੋਕਾਂ ਦੀ ਆਮਦਨੀ ਦੇ ਪੈਸਿਆਂ 'ਚੋਂ ਲਗਭਗ ਅੱਧੇ ਤੋਂ ਜ਼ਿਆਦਾ ਪੈਸਾ ਟੈਕਸਾਂ 'ਚ ਚਲਾ ਜਾਂਦਾ ਹੈ। ਇੱਕ ਦੇਸ਼, ਇੱਕ ਟੈਕਸ? ਦੇ ਨਾਅਰੇ ਦਾ ਕੀ ਹੋਇਆ।

ਯੇ ਦੌਰ ਏ ਸਿਆਸਤ ਕਿਆ ਦੌਰ ਏ ਸਿਆਸਤ ਹੈ  
ਬੋਲੂੰ ਤੋਂ ਬਗਾਵਤ, ਨਾ ਬੋਲੂੰ ਤੋ ਨਦਾਮਤ ਹੈ।

ਨੈਸ਼ਨਲ ਸਰਵੇ ਦੇ ਮੁਤਾਬਕ 2019 ਦੀਆਂ ਚੋਣਾਂ 'ਚ ਮੋਦੀ ਦਾ ਬਹੁਮਤ ਦੱਸਿਆ ਜਾ ਰਿਹਾ ਹੈ। ਸਵਾਲ ਹਕੂਮਤ 'ਤੇ ਕਾਬਜ਼ ਹੋਣ ਦਾ ਨਹੀਂ, ਰਾਜਸੀ ਅਕਸ ਬਣਾਉਣ ਦਾ ਹੈ। ਫਿਲਹਾਲ ਬੈਂਕਾਂ ਵਿੱਚ ਐੱਨ ਪੀ ਏ ਘਪਲਿਆਂ ਵਿੱਚ ਫਸੇ ਡਿਫਾਲਟਰਾਂ ਦਾ ਵਿਦੇਸ਼ ਭੱਜਣਾ, ਲੜਾਕੂ ਰਾਫੇਲ ਜਹਾਜ਼ਾਂ ਦੀ ਖਰੀਦ 'ਚ ਰਿਲਾਇੰਸ ਦਾ ਦਖਲ, ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਦਾ ਲਗਾਤਾਰ ਵਧਣਾ, ਵਧੀ ਮਹਿੰਗਾਈ ਦੇ ਕਾਰਨ ਗਰੀਬਾਂ ਦਾ ਕਿਸੇ ਤਰ੍ਹਾਂ ਵੀ ਗੁਜ਼ਾਰਾ ਨਾ ਕਰ ਸਕਣਾ ਤੇ ਅਮੀਰਾਂ ਦਾ ਹੋਰ ਜ਼ਿਆਦਾ ਅਮੀਰ ਹੋ ਜਾਣਾ ਉਹ ਸਮੱਸਿਆਵਾਂ ਹਨ, ਜਿਨ੍ਹਾਂ ਨਾਲ ਹਰ ਪਾਰਟੀ ਨੂੰ ਜੂਝਣਾ ਪਵੇਗਾ। ਕਿਸੇ ਵੀ ਪਾਰਟੀ ਦਾ ਵਿਗੜਿਆ ਅਕਸ ਜਦ ਲੋਕਾਂ ਦੇ ਦਿਲਾਂ 'ਚ ਬੈਠ ਜਾਂਦਾ ਹੈ ਤਾਂ ਕੋਈ ਵੀ ਦਲੀਲ ਤੇ ਅੰਕੜੇ ਕੰਮ ਨਹੀਂ ਆਉਂਦੇ। ਆਉਣ ਵਾਲੇ ਦਿਨਾਂ ਵਿੱਚ ਜਿਹੀ ਵੀ ਸਰਕਾਰ ਬਣੇਗੀ, ਉਸ 'ਤੇ ਖੇਤਰੀ ਪਾਰਟੀਆਂ ਦਾ ਅਸਰ ਹੋਵੇਗਾ। ਖੇਤਰੀ ਪਾਰਟੀਆਂ ਦੇ ਸਿਆਸੀ ਚਰਿੱਤਰ ਤੋਂ ਸਾਰਾ ਹੀ ਦੇਸ਼ ਵਾਕਿਫ ਹੈ।

## -ਧੀਆਂ-

ਖੁਸ਼ੀਆਂ ਦਾ ਬਣ ਕਾਰਣ ਧੀਆਂ।  
ਮਾਂ ਦਾ ਸੀਨਾ ਠਾਰਣ ਧੀਆਂ।।

ਰੌਣਕ ਹੁੰਦੀਆਂ ਘਰ ਦੀ ਧੀਆਂ  
ਨਾ ਕਿਸੇ ਤੋਂ ਡਰਦੀਆਂ ਧੀਆਂ।

ਪੁੱਤਾਂ ਤੋਂ ਨੇ ਵੱਧਕੇ ਧੀਆਂ।  
ਪਿਆਰ ਲੈਂਦੀਆਂ ਰੱਜਕੇ ਧੀਆਂ।

ਦਾਤੇ ਦੀਆਂ ਰਹਿਮਤ ਧੀਆਂ  
ਸੰਗ ਮਿਲਦੀਆਂ ਕਿਸਮਤ ਧੀਆਂ।

ਦੁੱਖੜੇ ਸਾਰੇ ਵੰਡਣ ਧੀਆਂ  
ਨਾ ਮਾਪੇ ਨੂੰ ਭੰਡਣ ਧੀਆਂ।

ਪੁੱਤਾਂ ਵਾਂਗ ਕਮਾਵਣ ਧੀਆਂ  
ਹੱਥ ਨਾਲ ਹੱਥ ਵਟਾਵਣ ਧੀਆਂ।

ਹੁੰਦੀਆਂ ਪਾਰ ਉਤਾਰਨ ਧੀਆਂ  
ਫਿਰ ਵੀ ਲੋਕੀ ਮਾਰਨ ਧੀਆਂ।

ਸਿਰ ਦਾ ਤਾਜ ਬਣਾਓ ਧੀਆਂ।  
ਕੁੱਖੀਂ ਨਾ ਮਰਵਾਓ ਧੀਆਂ।

ਹਰਦੀਪ ਬਿਰਦੀ  
9041600900

Run your Limo Business Like Uber
Powerful Managment Software and Apps at affordable Price.
Manage Everthing From Your Computer, Tablet or Phone.
Simplifying Quoting, Reservations, Dispatching, Invoicing, Credit Card Payments.
* Driver App
* Customer App
* Website
* Admin Panel Dashboard
* Company Listing in the Network for Rides
Contact:
govisioninfo@gmail.com

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ
INVEST FOR SMART RETURN IN INDIA
SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS
Bhalla: 91-9316255513 | Bhullar: 905.453.0000
For More Details www.conceptindiaservices.com

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers : Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

FREDERICK BANTING INTERNATIONAL SCHOOL
• CLASSES FROM KINDERGARTEN TO GRADE 12
• SMALL CLASS SIZE (MAX 19 STUDENTS PER CLASS)
• CELL PHONES NOT ALLOWED ON SCHOOL PROPERTY
• INNOVATIVE MATH PROGRAM AND NO USE OF CALCULATORS UNTIL GRADE 8
• ROBOTICS & STEM CLUB; MENTAL MATH; CHESS; MARTIAL ARTS; YOGA
• WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
• FREE ACADEMIC HELP UNTIL 6:00 PM
• FRENCH LANGUAGE CLASSES BEGINNING FROM KINDERGARTEN
21 COVENTRY RD
COVENTRY CAMPUS
21 Coventry Rd, Brampton, Ontario L6T 4V7
Phone: 647-407-4600
WWW.FBI.SCHOOL | INFO@FBS.SCHOOL
HIGHLIGHTS
• MID-TERM AND FINAL EXAMS BEGINNING AT GRADE 1
• INTENSIVE CARE UNIT FOR STUDENTS WHO NEED EXTRA HELP
• PARENT - PRINCIPAL MEETING EACH MONTH
• HOCKEY; BASKETBALL; SOCCER; FITNESS; AEROBICS

ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

# ਕੈਪਟਨ ਨੇ ਕੇਂਦਰ ਨੂੰ ਚਿੱਠੀ ਲਿਖ ਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਬਾਰੇ ਬੈਠਕ ਸੱਦਣ ਲਈ ਕਿਹਾ

ਜਲੰਧਰ, 20 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਚਿੱਠੀ ਲਿਖ ਕੇ ਗ੍ਰਹਿ ਮੰਤਰੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਵਸ ਮਨਾਉਣ ਲਈ ਬਣਾਈ ਹੋਈ ਕਮੇਟੀ ਦੀ ਬੈਠਕ ਸੱਦਣ ਨੂੰ ਕਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਚਿੱਠੀ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਸਰਕਾਰੀ ਪੱਧਰ 'ਤੇ ਵੱਡੀਆਂ ਤਿਆਰੀਆਂ ਕਰਨ ਦੀ ਲੋੜ ਹੈ। ਇਸ ਲਈ ਕਮੇਟੀ ਨੂੰ ਬੈਠਕ ਕਰ ਕੇ ਛੇਤੀ ਕੰਮ ਸ਼ੁਰੂ ਕਰਨਾ ਪਵੇਗਾ। ਕੇਂਦਰੀ ਗ੍ਰਹਿ ਮੰਤਰੀ ਦੀ ਅਗਵਾਈ ਹੇਠਲੀ ਕਮੇਟੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਣੇ ਕਈ ਸੀਨੀਅਰ ਸਿਆਸੀ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਮੌਕੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ



ਪੰਜਾਬ ਪਹੁੰਚਣਾ ਹੈ। ਇਸ ਨੂੰ ਦੇਖਦੇ ਹੋਏ ਪੰਜਾਬ ਦੀਆਂ ਜਿਨ੍ਹਾਂ ਥਾਵਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ, ਉਨ੍ਹਾਂ ਨੂੰ ਵਧੀਆ ਢੰਗ ਨਾਲ ਵਿਕਸਿਤ ਕਰਨ ਦੀ ਲੋੜ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਅੰਮ੍ਰਿਤਸਰ, ਡੇਰਾ ਬਾਬਾ ਨਾਨਕ, ਸੁਲਤਾਨਪੁਰ ਲੋਧੀ, ਬਟਾਲਾ ਅਤੇ ਹੋਰ ਇਤਿਹਾਸਕ ਥਾਵਾਂ ਦੇ ਵਿਕਾਸ ਵਿੱਚ ਲੱਗੀ ਹੋਈ ਹੈ ਅਤੇ ਸੰਤ ਸਮਾਜ ਤੋਂ ਵੀ ਸਲਾਹ ਲਈ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ 12 ਨਵੰਬਰ 2019 ਨੂੰ ਮਨਾਇਆ ਜਾਣਾ ਹੈ। ਇਸ ਦੇ ਲਈ ਪੰਜਾਬ ਸਰਕਾਰ ਇਸ ਸਾਲ ਨਵੰਬਰ ਤੋਂ ਸ਼ੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਸਭ ਥਾਵਾਂ ਨੂੰ ਵਿਕਸਿਤ ਕਰਨ ਦਾ ਕੰਮ ਜੰਗੀ ਪੱਧਰ 'ਤੇ ਕਰ ਦੇਵੇਗੀ। ਉਨ੍ਹਾਂ ਮੰਗ ਕੀਤੀ ਕਿ ਇਸ ਇਤਿਹਾਸਕ ਦਿਹਾੜੇ ਨੂੰ ਮਨਾਉਣ ਲਈ ਕੇਂਦਰ ਸਰਕਾਰ ਨੂੰ ਪੰਜਾਬ ਨੂੰ 2145 ਕਰੋੜ ਦਾ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ। ਪੰਜਾਬ ਸਰਕਾਰ 200 ਕਰੋੜ ਦੀ ਲਾਗਤ ਨਾਲ ਸੁਲਤਾਨਪੁਰ ਲੋਧੀ 'ਚ 'ਪਿੰਡ ਬਾਬੇ ਨਾਨਕ ਦਾ' ਨੂੰ ਹੈਰੀਟੇਜ ਵਿਲੇਜ ਬਣਾਉਣ ਜਾ ਰਹੀ ਹੈ। ਸੂਬਾ ਸਰਕਾਰ ਨੇ ਕਈ ਕਮੇਟੀਆਂ ਬਣਾਈਆਂ ਹਨ, ਜੋ ਇਸ ਕੰਮ ਵਿੱਚ ਆਪਣੀ ਰਾਇ ਦੇਣਗੀਆਂ।

## ਮਰਾਠਾ ਜਿਊਲਰਜ਼ ਨੂੰ ਲੁਟੇਰੇ ਲੁੱਟ ਗਏ, ਜਾਂਚ ਬਹਾਨੇ ਪੁਲਸ 20 ਗਰਾਮ ਸੋਨਾ-ਚਾਂਦੀ ਲੈ ਗਈ

ਅੰਮ੍ਰਿਤਸਰ, 20 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ ਲੁੱਟਖੋਹ ਦੀਆਂ ਘਟਨਾਵਾਂ ਤੋਂ ਦੁਖੀ ਹੋਏ ਪਏ 17 ਜਿਊਲਰਜ਼ ਦੇ ਵਫਦ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਿਕਾਇਤ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ 20 ਮਿੰਟ ਚੱਲੀ ਮੀਟਿੰਗ ਵਿੱਚ ਸਵਰਨਕਾਰ ਰਾਸ਼ਟਰੀ ਸੰਘ ਦੇ ਪ੍ਰਧਾਨ ਕਸ਼ਮੀਰ ਸਿੰਘ ਰਾਜਪੂਤ ਨੇ ਮੁੱਖ ਮੰਤਰੀ ਨੂੰ 10 ਮਈ ਨੂੰ ਮਰਾਠਾ ਜਿਊਲਰਜ਼ ਦੀ ਵਾਰਦਾਤ ਦੀ ਗੱਲ ਦੇ ਨਾਲ-ਨਾਲ ਇਹ ਵੀ ਦੱਸਿਆ ਕਿ ਜਾਂਚ ਕਰਨ ਪਹੁੰਚੇ ਪੁਲਸ ਵਾਲੇ ਇਸ ਕੇਸ ਨੂੰ ਸਟਰਾਂਗ ਕਰਨ ਦਾ ਕਹਿ ਕੇ 10-10 ਗਰਾਮ ਸੋਨਾ-ਚਾਂਦੀ ਹੋਰ ਲੈ ਗਏ। ਕਾਰਵਾਈ ਹੋਈ ਨਹੀਂ ਤੇ ਉਲਟਾ 10-10 ਗਰਾਮ ਸੋਨਾ-ਚਾਂਦੀ ਹੋਰ ਚਲਾ ਗਿਆ ਤੇ ਲੁਟੇਰਿਆਂ ਨੂੰ ਬੇਲ ਵੀ ਮਿਲ ਗਈ, ਜਦ ਕਿ ਮੁੱਖ ਦੋਸ਼ੀ ਅਜੇ ਫਰਾਰ ਹੈ। ਇਹੀ ਗੈਂਗਸਟਰ ਬਾਅਦ ਵਿੱਚ ਸ਼ਹਿਰ ਦੇ ਕੌਂਸਲਰ ਦਾ ਕਤਲ ਕਰਦੇ ਹਨ ਅਤੇ ਬਾਅਦ ਵਿੱਚ ਪ੍ਰੇਮ ਕੁਮਾਰ ਜਿਊਲਰਜ਼ 'ਤੇ 3.20 ਕਰੋੜ ਰੁਪਏ ਦੀ ਲੁੱਟ ਕਰ ਭੱਜ ਜਾਂਦੇ ਹਨ।



ਲੁਟ ਮਗਰੋਂ ਜਿਊਲਰ ਗੁਰੂ ਬਜ਼ਾਰ ਵਿਚ ਸੁਰੱਖਿਆ ਦੇ ਮੱਦੇਨਜ਼ਰ ਰੱਖੀ ਮੀਟਿੰਗ ਦੌਰਾਨ।

ਖਾਸ ਗੱਲ ਇਹ ਹੈ ਕਿ ਰਿਕਵਰੀ ਅਜੇ ਤੱਕ ਕੋਈ ਨਹੀਂ ਹੋਈ। ਪਤਾ ਲੱਗਾ ਹੈ ਕਿ ਇਹ ਕਹਾਣੀ ਸੁਣ ਕੇ ਮੁੱਖ ਮੰਤਰੀ ਕਾਫੀ ਹੈਰਾਨ ਹੋਏ ਅਤੇ ਮੀਟਿੰਗ ਵਿੱਚ ਮੌਜੂਦ ਡੀ ਜੀ ਪੀ ਸੁਰੇਸ਼ ਅਰੋੜਾ ਨੇ ਅੰਮ੍ਰਿਤਸਰ ਦੇ ਕਮਿਸ਼ਨਰ ਐਸ ਐਸ ਸ੍ਰੀਵਾਸਤਵ ਦੀ ਓਸੇ ਵੇਲੇ ਮੁੱਖ ਮੰਤਰੀ ਨਾਲ ਫੋਨ ਉੱਤੇ ਗੱਲ ਕਰਵਾਈ। ਮੁੱਖ ਮੰਤਰੀ ਨੇ ਕਮਿਸ਼ਨਰ ਨੂੰ ਸ਼ਹਿਰ ਦੇ ਹਾਲਾਤ ਠੀਕ ਕਰਨ ਦੀ ਹਦਾਇਤ ਦਿੱਤੀ ਅਤੇ ਡੀ ਜੀ ਪੀ ਨੂੰ ਗੈਂਗਸਟਰਾਂ ਦੀ ਨਕੇਲ ਕੱਸਣ ਨੂੰ ਕਿਹਾ।

ਸਰਾਫਾ ਸਵਰਨਕਾਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਚਰਨਜੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਕਿਸੇ ਨੂੰ ਸ਼ਹਿਰ ਛੱਡਣ ਦੀ ਜ਼ਰੂਰਤ ਨਹੀਂ, ਸੁਰੱਖਿਆ ਸਖਤ ਕੀਤੀ ਜਾਏਗੀ। ਇਸ ਦੌਰਾਨ ਪਾਰਲੀਮੈਂਟ ਦੇ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੁਲਸ ਵਿੱਚ ਕਾਲੀਆਂ ਭੇਡਾਂ ਦੀ ਰਿਪੋਰਟ ਸੌਂਪੀ ਹੈ।

## ਬੈਂਕ ਤੋਂ 19 ਲੱਖ ਰੁਪਏ ਕੈਸ਼ ਅਤੇ ਬੰਦੂਕ ਦੀਆਂ 18 ਗੋਲੀਆਂ ਚੋਰੀ

ਟਾਂਡਾ ਉੜਮੁੜ, 20 ਸਤੰਬਰ (ਪੋਸਟ ਬਿਊਰੋ)- ਬੇਟ ਖੇਤਰ ਦੇ ਪਿੰਡ ਨੱਥੂਪੁਰ ਵਿੱਚ ਕੱਲ੍ਹ ਰਾਤ ਕੋਆਪਰੇਟਿਵ ਬੈਂਕ ਦੀ ਬ੍ਰਾਂਚ ਨੂੰ ਚੋਰਾਂ ਨੇ ਨਿਸ਼ਾਨਾ ਬਣਾਇਆ। ਉਹ ਬੈਂਕ ਦੀ ਖਿੜਕੀ ਤੋੜਨ ਦੇ ਬਾਅਦ ਕਟਰ ਨਾਲ ਕੈਸ਼ ਸੇਫ ਕੱਟ ਕੇ 19,21,351 ਰੁਪਏ ਨਕਦੀ, ਸੀ ਸੀ ਟੀ ਵੀ ਕੈਮਰਿਆਂ ਦੀ ਡੀ ਵੀ ਆਰ ਅਤੇ ਸਕਿਓਰਿਟੀ ਗਾਰਡ ਦੀ ਬੰਦੂਕ ਦੀਆਂ 18 ਗੋਲੀਆਂ ਵੀ ਲੈ ਗਏ। ਸਵੇਰੇ ਘਟਨਾ ਦਾ ਪਤਾ ਲੱਗਣ 'ਤੇ ਬੈਂਕ ਮੈਨੇਜਰ ਰਾਕੇਸ਼ ਕੁਮਾਰ ਨੇ ਟਾਂਡਾ ਪੁਲਸ ਨੂੰ ਸੂਚਨਾ ਦਿੱਤੀ। ਐੱਸ ਪੀ (ਡੀ) ਹੁਸ਼ਿਆਰਪੁਰ ਹਰਪ੍ਰੀਤ ਸਿੰਘ ਮੰਡੇਰ, ਡੀ ਐੱਸ ਪੀ ਟਾਂਡਾ ਗੁਰਪ੍ਰੀਤ ਸਿੰਘ ਗਿੱਲ ਅਤੇ ਐੱਸ ਐੱਚ ਓ ਟਾਂਡਾ ਪ੍ਰਦੀਪ ਸਿੰਘ ਮੌਕੇ 'ਤੇ ਪਹੁੰਚੇ ਅਤੇ ਛਾਣਬੀਣ ਕੀਤੀ। ਬੈਂਕ ਮੈਨੇਜਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਬੈਂਕ ਵਿੱਚ ਦੁਪਹਿਰ ਤੱਕ 20 ਲੱਖ ਚਾਲੀ ਹਜ਼ਾਰ ਰੁਪਏ ਜਮ੍ਹਾ ਹੋਏ ਸਨ। ਇਸ ਕੈਸ਼ ਨੂੰ ਬੈਂਕ ਦੀ ਟਾਂਡਾ ਬ੍ਰਾਂਚ ਵਿੱਚ ਜਮ੍ਹਾ ਕਰਵਾ ਦਿੱਤਾ ਗਿਆ, ਪਰ ਸ਼ਾਮ ਤੱਕ 19 ਲੱਖ ਹੋਰ ਜਮ੍ਹਾ ਹੋ ਗਏ ਅਤੇ ਬੈਂਕ ਵਿੱਚ ਕੁੱਲ 19,21,351 ਕੈਸ਼ ਸੀ। ਸ਼ਾਮ ਹੋਣ ਕਾਰਨ ਉਹ ਇਸ ਨੂੰ ਟਾਂਡਾ ਬ੍ਰਾਂਚ ਵਿੱਚ ਜਮ੍ਹਾ ਨਹੀਂ ਕਰਵਾ ਸਕੇ ਤੇ ਰਾਤ ਨੂੰ ਚੋਰਾਂ ਨੇ ਬੈਂਕ ਨੂੰ ਨਿਸ਼ਾਨਾ ਬਣਾ ਲਿਆ। ਇਸ ਬੈਂਕ ਦੀ ਇਮਾਰਤ ਦੀ ਹਾਲਤ ਖਸਤਾ ਹੈ ਅਤੇ ਰਾਤ ਦੇ ਕਿਸੇ ਸਕਿਓਰਿਟੀ ਗਾਰਡ ਦਾ ਵੀ ਪ੍ਰਬੰਧ ਨਹੀਂ ਹੈ। ਬੈਂਕ ਮੈਨੇਜਰ ਨੇ ਦੱਸਿਆ ਕਿ ਇਸ ਬਾਰੇ ਉਹ ਕਈ ਵਾਰ ਬੈਂਕ ਦੇ ਉੱਚ ਅਧਿਕਾਰੀਆਂ ਨੂੰ ਲਿਖ ਹਨ, ਪਰ ਇਮਾਰਤ ਦੀ ਖਸਤਾ ਹਾਲਤ ਵਿੱਚ ਕੋਈ ਸੁਧਾਰ ਨਹੀਂ ਕੀਤਾ ਗਿਆ।

## ਜੱਜ ਪੇਪਰ ਲੀਕ ਕੇਸ ਦੀ ਮੁੱਖ ਦੋਸ਼ਣ ਦੀ ਪੜ੍ਹਾਈ ਦਾ ਰਿਕਾਰਡ ਵੀ ਤਲਬ ਕੀਤਾ ਗਿਆ

ਚੰਡੀਗੜ੍ਹ, 20 ਸਤੰਬਰ (ਪੋਸਟ ਬਿਊਰੋ)- ਹਰਿਆਣਾ ਸਿਵਲ ਸਰਵਿਸ (ਐਚ ਸੀ ਐਸ) ਜੁਡੀਸ਼ੀਅਲ ਦੀਆਂ ਅਸਾਮੀਆਂ ਲਈ ਮੁੱਢਲੀ ਪ੍ਰੀਖਿਆ ਦਾ ਪੇਪਰ ਲੀਕ ਹੋਣ ਵਾਲੇ ਕੇਸ ਦੀ ਜਾਂਚ ਲਈ ਚੰਡੀਗੜ੍ਹ ਪੁਲਸ ਦੀ ਐਸ ਆਈ ਟੀ ਨੇ ਸੁਣਵਾਈ ਦੌਰਾਨ ਕੱਲ੍ਹ ਹਾਈ ਕੋਰਟ ਵਿੱਚ ਦੱਸਿਆ ਕਿ ਅਜੇ ਤਿੰਨ ਹੋਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨਾ ਹੈ, ਇਸ ਲਈ ਅਜੇ ਮੁਲਜ਼ਮਾਂ ਦੀਆਂ ਜ਼ਮਾਨਤਾਂ 'ਤੇ ਸੁਣਵਾਈ ਨਹੀਂ ਕੀਤੀ ਜਾਣੀ ਚਾਹੀਦੀ।



ਇਸ ਦੌਰਾਨ ਹਾਈ ਕੋਰਟ ਦੀ ਸੰਵਿਧਾਨਕ ਬੈਂਚ ਨੇ ਪੁਲਸ ਨੂੰ ਪੁੱਛਿਆ ਕਿ ਆਖਰ ਇਹ ਲੋਕ ਗ੍ਰਿਫਤਾਰ ਕੀਤੇ ਜਾਣ ਵਾਲੇ ਮੁਲਜ਼ਮਾਂ ਦੀ ਗ੍ਰਿਫਤਾਰੀ ਜਾਂ ਪੁਲਸ ਦੀ ਜਾਂਚ ਵਿੱਚ ਕਿੰਦਾਂ ਦਾ ਪ੍ਰਭਾਵ ਪਾ ਸਕਦੇ ਹਨ? ਬੈਂਚ ਨੇ ਕਿਹਾ ਕਿ ਜ਼ਮਾਨਤਾਂ ਦੀ ਸੁਣਵਾਈ ਲਈ ਬਾਕੀ ਰਹਿੰਦੀਆਂ ਗ੍ਰਿਫਤਾਰੀਆਂ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੇ ਇਸ ਦੇ ਨਾਲ ਹੀ ਪੇਪਰ ਲੀਕ ਦਾ ਖੁਲਾਸਾ ਕਰਨ ਵਾਲੀ ਦੋਸ਼ਣ ਸੁਸ਼ੀਲਾ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਦਿਆਂ ਟਿੱਪਣੀ ਕੀਤੀ ਕਿ ਸੁਸ਼ੀਲਾ ਨੇ 43 ਸਾਲ ਦੀ ਉਮਰ ਵਿੱਚ ਜੱਜ ਬਣਨ ਦੀ ਤਿਆਰੀ ਕਿਵੇਂ ਸ਼ੁਰੂ ਕਰ ਦਿੱਤੀ ਅਤੇ ਉਸ ਦੀ ਗਰੈਜੂਏਸ਼ਨ ਅਤੇ ਲਾਅ ਦੀ ਪੜ੍ਹਾਈ ਵਿੱਚ ਕੀ ਕਾਰਗੁਜ਼ਾਰੀ ਰਹੀ ਹੈ। ਬੈਂਚ ਨੇ ਸੁਸ਼ੀਲਾ ਦੀ ਪੜ੍ਹਾਈ ਦਾ ਰਿਕਾਰਡ ਤਲਬ ਕਰਦਿਆਂ ਸੁਣਵਾਈ 27 ਸਤੰਬਰ ਲਈ ਮੁਲਤਵੀ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਪਿਛਲੀ ਸੁਣਵਾਈ 'ਤੇ ਹਾਈ ਕੋਰਟ ਨੇ ਚੰਡੀਗੜ੍ਹ ਪੁਲਸ ਤੋਂ ਜਾਂਚ ਰਿਪੋਰਟ ਤਲਬ ਕਰਦਿਆਂ ਜਵਾਬ ਮੰਗਿਆ ਤਾਂ ਪੁਲਸ ਨੇ ਕਿਹਾ ਸੀ ਕਿ ਜਾਂਚ ਛੇਤੀ ਮੁਕੰਮਲ ਹੋ ਜਾਵੇਗੀ। ਇਸ ਦੇ ਨਾਲ ਹਾਈ ਕੋਰਟ ਨੇ ਕਿਹਾ ਸੀ ਕਿ ਜਾਂਚ ਪੂਰੀ ਹੋਣ ਤੱਕ ਮੁਲਜ਼ਮਾਂ ਦੀਆਂ ਜ਼ਮਾਨਤਾਂ ਬਾਰੇ ਸੁਣਵਾਈ ਨਹੀਂ ਹੋ ਸਕਦੀ, ਪਰ ਕੱਲ੍ਹ ਪੁਲਸ ਵੱਲੋਂ ਜਾਂਚ ਵਿੱਚ ਹੋਰ ਸਮਾਂ ਲੱਗਣ ਦਾ ਸੰਕੇਤ ਪਿੱਛੋਂ ਜ਼ਮਾਨਤਾਂ 'ਤੇ ਸੁਣਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਪੁਲਸ ਅਫਸਰ ਉੱਤੇ ਸੈਕਸ ਦੋਸ਼ਾਂ ਦੀ ਜਾਂਚ ਆਈ ਜੀ ਰੈਂਕ ਦੀ ਮਹਿਲਾ ਅਫਸਰ ਦੇ ਜ਼ਿੰਮੇ

ਅੰਮ੍ਰਿਤਸਰ, 20 ਸਤੰਬਰ (ਪੋਸਟ ਬਿਊਰੋ)- ਇੱਕ ਕਾਲਜ ਦੇ ਲਾਅ ਦੀ ਵਿਦਿਆਰਥਣ ਵੱਲੋਂ ਚੰਡੀਗੜ੍ਹ ਤੈਨਾਤ ਇੱਕ ਏ ਆਈ ਜੀ ਉੱਤੇ ਲਾਏ ਦੋਸ਼ਾਂ ਦਾ ਮੁੱਦਾ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਤੱਕ ਪੁੱਜ ਗਿਆ ਹੈ। ਇਸ ਸੰਬੰਧ ਵਿੱਚ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਐੱਸ ਐੱਸ ਸ੍ਰੀਵਾਸਤਵ ਨੇ ਦੱਸਿਆ ਕਿ ਹੁਸ਼ਿਆਰਪੁਰ ਦੀ ਇਸ ਲੜਕੀ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਲੈ ਕੇ ਪੰਜਾਬ ਪੁਲਸ ਹੈੱਡਕੁਆਰਟਰ ਨੂੰ ਲਿਖ ਕੇ ਭੇਜਿਆ ਗਿਆ ਹੈ, ਕਿਉਂਕਿ ਇਹ ਕੇਸ ਹੁਸ਼ਿਆਰਪੁਰ, ਅੰਮ੍ਰਿਤਸਰ ਤੇ ਚੰਡੀਗੜ੍ਹ ਤਿੰਨ ਸ਼ਹਿਰਾਂ ਨਾਲ ਸੰਬੰਧਤ ਹੈ। ਇਸ ਦੀ ਪੜਤਾਲ ਸੀਨੀਅਰ ਰੈਂਕ ਦੀ ਮਹਿਲਾ ਅਧਿਕਾਰੀ ਤੋਂ ਕਰਵਾਏ ਜਾਣ ਬਾਰੇ ਲਿਖਿਆ ਸੀ। ਡੀ ਜੀ ਪੀ ਕੋਲ ਪੁੱਜੀ ਸ਼ਿਕਾਇਤ ਵਿੱਚ ਲੜਕੀ ਨੇ ਦੋਸ਼ ਲਾਇਆ ਸੀ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੁਲਸ ਦਾ ਇਹ ਅਧਿਕਾਰੀ, ਜੋ ਤਰੱਕੀ ਪਿੱਛੋਂ ਅੱਜਕੱਲ੍ਹ ਚੰਡੀਗੜ੍ਹ ਤੈਨਾਤ ਹੋ ਗਿਆ ਹੈ, ਉਸ ਨੂੰ ਜਬਰੀ ਸਰੀਰਕ ਸੰਬੰਧ ਬਣਾਉਣ ਲਈ ਤੰਗ ਕਰ ਰਿਹਾ ਹੈ ਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ 'ਤੇ ਕੇਸ ਦਰਜ ਕਰਾਉਣ ਦੀ ਧਮਕੀ ਦੇਂਦਾ ਹੈ। ਲਾਅ ਕਰ ਰਹੀ ਉਕਤ ਲੜਕੀ ਜੋ ਵਿਆਹੁਤਾ ਹੈ ਅਤੇ ਉਸ ਦਾ ਇੱਕ ਛੇ ਸਾਲ ਦਾ ਬੱਚਾ ਵੀ ਹੈ।

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

Condo Townhouse for sale.
$559,000
100 Brickyard Way Unit #66, Brampton
ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਉਨ ਹਾਉਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21 President Realty Inc. Brokerage*
Looking For a Nest..? Call the Best

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd
Mcvean Dr
Gore Rd
DENTISTRY
Squire Ellis Dr
Countryside Dr



## ਹਾਈ ਕੋਰਟ ਨੇ ਹਰ ਘਰ ਤੋਂ ਮੋਦੀ ਤੇ ਸ਼ਿਵਰਾਜ ਦੀ ਫੋਟੋ ਵਾਲੀਆਂ ਟਾਈਲਾਂ ਹਟਾਉਣ ਨੂੰ ਕਿਹਾ

ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ’ਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ ਗਰੀਬਾਂ ਦੇ ਘਰਾਂ ’ਚ ਲਾਈਆਂ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਫੋਟੋਂ ਵਾਲੀਆਂ ਟਾਈਲਾਂ ਹਟਾਉਣ ਲਈ ਹਾਈ ਕੋਰਟ ਦੀ ਗਵਾਲੀਅਰ ਬੈਂਚ ਨੇ ਹੁਕਮ ਜਾਰੀ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਹਾਈ ਕੋਰਟ ਵੱਲੋਂ ਜਾਰੀ ਕੀਤੇ ਹੁਕਮ ਮੁਤਾਬਕ ਪ੍ਰਧਾਨ ਮੰਤਰੀ ਆਵਾਸ ਯੋਜਨਾ ਹੇਠ ਬਣਾਏ ਗਏ ਸਾਰੇ ਘਰਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਦੀ ਫੋਟੋ ਵਾਲੀਆਂ ਟਾਈਲਾਂ ਹਟਾਈਆਂ ਜਾਣਗੀਆਂ ਅਤੇ ਆਉਂਦੇ ਸਮੇਂ ਵਿੱਚ ਅਜਿਹੀ ਕਿਸੇ ਵੀ ਤਰ੍ਹਾਂ ਦੀ ਟਾਈਲ ਦੀ ਵਰਤੋਂ ਨਹੀਂ ਕੀਤੀ ਜਾਵੇਗੀ।

ਮੀਡੀਆ ਰਿਪੋਰਟ ਮੁਤਾਬਕ ਅਦਾਲਤ ਨੇ ਫੈਸਲਾ ਦੇਂਦੇ ਹੋਏ ਕੇਂਦਰ ਅਤੇ ਰਾਜ ਸਰਕਾਰ ਨੂੰ ਨੋਟਿਸ ਵੀ ਭੇਜਿਆ ਹੈ। ਇਸ ਬਾਰੇ ਜੁਲਾਈ ਵਿੱਚ ਦਤੀਆ ਦੇ ਰਹਿਣ ਵਾਲੇ ਸੰਜੈ ਪੁਰੋਹਿਤ ਨੇ ਕੋਰਟ ’ਚ ਪਟੀਸ਼ਨ ਦਾਖ਼ਲ ਕਰ ਕੇ ਕਿਹਾ ਸੀ ਕਿ ਟਾਈਲਾਂ ਉੱਤੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀਆਂ ਤਸਵੀਰਾਂ ਲਾ ਕੇ ਜਨਤਾ ਦੇ ਪੈਸਿਆਂ ਦੀ ਗਲਤ ਵਰਤੋਂ ਕੀਤੀ ਗਈ ਹੈ। ਇਸ ਪੂਰੇ ਮਾਮਲੇ ਬਾਰੇ ਸ਼ਿਵਰਾਜ ਸਰਕਾਰ ਨੇ ਮੰਗਲਵਾਰ ਨੂੰ ਗਲਤੀ ਮੰਨਦੇ ਹੋਏ ਕਿਹਾ ਕਿ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਨੂੰ ਇਸ ਦਾ ਖਿਆਲ ਰੱਖਣ ਦਾ ਹੁਕਮ ਜਾਰੀ ਕਰ ਦਿੱਤੇ ਹਨ ਕਿ ਅੱਗੇ ਤੋਂ ਕਦੀ ਅਜਿਹੀ ਗਲਤੀ ਨਾ ਹੋਵੇ। ਇਹ ਟਾਈਲਾਂ ਤਿੰਨ ਮਹੀਨੇ ਦੇ ਅੰਦਰ ਹਟਾਉਣ ਦਾ ਨਿਰਦੇਸ਼ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਮੱਧ ਪ੍ਰਦੇਸ਼ ਸਰਕਾਰ ਨੂੰ ਇਸ ਮਾਮਲੇ ’ਚ 20 ਦਸੰਬਰ ਤੱਕ ਰਿਪੋਰਟ ਪੇਸ਼ ਕਰਨ ਨੂੰ ਕਿਹਾ ਹੈ।

## ਜ਼ਮੀਨ ਐਕੁਆਇਰ ਘਪਲੇ ਵਿੱਚ 37 ਕਰੋੜ ਰੁਪਏ ਦੀ ਜਾਇਦਾਦ ਜ਼ਬਤ

*** ਅੜਿੱਕੇ ਆਏ ਲੋਕਾਂ ਵਿੱਚ ਤਿੰਨ ਅਕਾਲੀ ਆਗੂ ਵੀ**

ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ 37 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਹ ਕਾਰਵਾਈ ਪੰਜਾਬ ਵਿੱਚ ਹੁਸ਼ਿਆਰਪੁਰ ਜ਼ਿਲੇ ਵਿੱਚ ਹਾਈਵੇਅ ਬਣਾਉਣ ਲਈ ਜ਼ਮੀਨ ਐਕੁਆਇਰ ਕੇਸ ਵਿੱਚ ਮਨੀ ਲਾਂਡਰਿੰਗ ਦੇ ਦੋਸ਼ਾਂ ਦੀ ਜਾਂਚ ਦੇ ਸੰਬੰਧ ਵਿੱਚ ਕੀਤੀ ਗਈ ਹੈ। ਇਨ੍ਹਾਂ ਵਿੱਚ ਤਿੰਨ ਅਕਾਲੀ ਦਲ ਦੇ ਆਗੂ ਕੌਂਸਲਰ ਹਰਪਿੰਦਰ ਸਿੰਘ ਉਰਫ ਲਾਡੀ, ਕੋਆਪਰੇਟਿਵ ਬੈਂਕ ਦੇ ਸਾਬਕਾ ਅਕਾਲੀ ਚੇਅਰਮੈਨ ਸਤਵਿੰਦਰ ਪਾਲ ਸਿੰਘ ਢੱਟ ਅਤੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਵਤਾਰ ਸਿੰਘ ਜੌਹਲ ਸ਼ਾਮਲ ਹਨ।

ਈ ਡੀ ਦੇ ਜਲੰਧਰ ਦਫਤਰ ਵੱਲੋਂ ਜਾਰੀ ਬਿਆਨ ਦੇ ਮੁਤਾਬਕ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਹੇਠ 54 ਖਾਲੀ ਜ਼ਮੀਨਾਂ ਤੇ ਤਿੰਨ ਕਾਰੋਬਾਰੀ ਅਤੇ ਰਿਹਾਇਸ਼ੀ ਕੰਪਲੈਕਸਾਂ ਨੂੰ ਜ਼ਬਤ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਰਾਜ ਸਰਕਾਰ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜ਼ਮੀਨ ਐਕੁਆਇਰ ਕੀਤੀ ਤਾਂ ਇਸ ਵਿੱਚ ਕਈ ਅਣਗਹਿਲੀਆਂ ਦਾ ਦੋਸ਼ ਲੱਗਾ ਸੀ। ਇਸ ਦੇ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਨੇ ਪਿਛਲੇ ਸਾਲ ਰਿਪੋਰਟ ਦਰਜ ਕੀਤੀ ਸੀ, ਜਿਸ ਵਿੱਚ ਕਈ ਸਰਕਾਰੀ ਅਫਸਰਾਂ ਅਤੇ ਸਿਆਸੀ ਜਾਂ ਹੋਰ ਵਿਅਕਤੀਆਂ ਨੂੰ ਦੋਸ਼ੀ ਬਣਾਇਆ ਗਿਆ ਸੀ। ਇਸ ਦਾ ਖੁਦ ਨੋਟਿਸ ਲੈਂਦੇ ਹੋਏ ਈ ਡੀ ਨੇ ਮਨੀ ਲਾਂਡਰਿੰਗ ਦਾ ਕੇਸ ਦਰਜ ਕਰ ਲਿਆ ਸੀ। ਈ ਡੀ ਦਾ ਕਹਿਣਾ ਹੈ ਕਿ ਉਸ ਦੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਕਿ ਇਸ ਜ਼ਮੀਨ ਐਕੁਆਇਰ ਵਿੱਚ ਦੋ ਤਰ੍ਹਾਂ ਦਾ ਅਪਰਾਧ ਕੀਤਾ ਗਿਆ ਹੈ। ਨੋਟੀਫਿਕੇਸ਼ਨ ਜਾਰੀ ਹੋਣ ਪਿੱਛੋਂ ਕੁਝ ਲੋਕਾਂ ਨੂੰ ਉਸ ਜਗ੍ਹਾ 'ਤੇ ਜ਼ਮੀਨ ਖਰੀਦਣ ਅਤੇ ਵੇਚਣ ਦੀ ਮਨਜ਼ੂਰੀ ਦਿੱਤੀ ਗਈ, ਜਿਸ ਨੂੰ ਐਕੁਆਇਰ ਕੀਤਾ ਜਾ ਚੁੱਕਾ ਸੀ ਅਤੇ ਇਸ ਕਾਰਨ ਉਨ੍ਹਾਂ ਲੋਕਾਂ ਨੂੰ ਬੇਲੋੜਾ ਅਤੇ ਵਾਧੂ ਮੁਆਵਜ਼ੇ ਦਾ ਭੁਗਤਾਨ ਕੀਤਾ ਗਿਆ, ਜਿਸ ਦੀ ਕੀਮਤ 37 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਈ ਡੀ ਨੇ ਕਿਹਾ ਕਿ ਮੁਆਵਜ਼ੇ ਦੀ ਰਾਸ਼ੀ ਤੋਂ ਇਨ੍ਹਾਂ ਲੋਕਾਂ ਨੇ ਜਿੱਥੇ ਕੁਝ ਪੈਸੇ ਦੀ ਵਰਤੋਂ ਆਪਣੇ ਕਰਜ਼ੇ ਲਾਹੁਣ ਲਈ ਕੀਤੀ, ਉਥੇ ਹੀ ਕੁਝ ਪੈਸਾ ਕਾਰੋਬਾਰ ਵਿੱਚ ਲਗਾ ਦਿੱਤਾ ਸੀ।

## ਪਾਕਿ ਰੇਂਜਰਾਂ ਨੇ ਬੀ ਐਸ ਐਫ ਜਵਾਨ ਨੂੰ ਗਲਾ ਵੱਢ ਕੇ ਮਾਰਿਆ



ਮ੍ਰਿਤਕ ਦੀ ਫਾਇਲ ਫੋਟੋ।

ਜੰਮੂ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨੀ ਰੇਂਜਰਜ਼ ਨੇ ਜੰਮੂ ਨੇੜੇ ਅੰਤਰਰਾਸ਼ਟਰੀ ਸਰਹੱਦ ਉਤੇ ਬੀ ਐਸ ਐਫ ਦੇ ਇਕ ਜਵਾਨ ਦੀ ਗਲਾ ਕੱਟ ਕੇ ਹੱਤਿਆ ਕਰ ਦਿੱਤੀ ਹੈ। ਰਾਮਗੜ੍ਹ ਸੈਕਟਰ 'ਚ ਹੋਈ ਇਸ ਮੰਦੀ ਘਟਨਾ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧ ਸਕਦਾ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਹੈਡ ਕਾਂਸਟੇਬਲ ਨਰਿੰਦਰ ਕੁਮਾਰ ਪਿੰਡ ਥਾਣਾ ਕਲਾਂ, ਜ਼ਿਲਾ ਸੋਨੀਪਤ, ਹਰਿਆਣਾ ਦੇ ਸਰੀਰ ਉੱਤੇ ਤਿੰਨ ਗੋਲੀਆਂ ਦੇ ਨਿਸ਼ਾਨ ਵੀ ਹਨ। ਕੁਮਾਰ ਦੀ ਲਾਸ਼ ਛੇ ਘੰਟੇ ਬਾਅਦ ਸਰਹੱਦ ਤੋਂ ਕੁਝ ਦੂਰੀ 'ਤੇ ਮਿਲੀ ਹੈ, ਕਿਉਂਕਿ ਪਾਕਿਸਤਾਨੀ ਫੌਜ ਨੇ ਸਰਹੱਦ 'ਤੇ ਸੰਜਮ ਬਣਾਈ ਰੱਖਣ ਅਤੇ ਬੀ ਐਸ ਐਫ ਦੇ ਖੋਜੀ ਦਲਾਂ 'ਤੇ ਗੋਲੀਬਾਰੀ ਨਾ ਹੋਣ ਨੂੰ ਨਿਸ਼ਚਿਤ ਕਰਨ ਲਈ ‘ਪ੍ਰਤੀਕਿਰਿਆ' ਨਹੀਂ ਦਿੱਤੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਰੇਂਜਰਜ਼ ਨੂੰ ਲਾਪਤਾ ਜਵਾਨ ਦਾ ਪਤਾ ਲਾਉਣ ਲਈ ਸਾਂਝੀ ਗਸ਼ਤ ਵਿੱਚ ਸ਼ਾਮਲ ਹੋਣ ਨੂੰ ਕਿਹਾ ਸੀ, ਪਰ ਉਨ੍ਹਾਂ ਨੇ ਇਕ ਸਥਾਨ ਤੱਕ ਆਉਣ ਪਿੱਛੋਂ ਇਸ ਕਾਰਵਾਈ ਵਿੱਚ ਸ਼ਾਮਲ ਨਾ ਹੋਣ ਲਈ ਓਥੇ ਪਾਣੀ ਜਮ੍ਹਾਂ ਹੋਣ ਦਾ ਬਹਾਨਾ ਬਣਾ ਦਿੱਤਾ। ਫਿਰ ਬੀ ਐਸ ਐਫ ਨੇ ਸੂਰਜ ਛਿਪਣ ਦਾ ਇੰਤਜ਼ਾਰ ਕੀਤਾ ਤੇ ਜਵਾਨ ਦੀ ਲਾਸ਼ ਚੌਕੀ ਤੱਕ ਲਿਆਉਣ ਲਈ ‘ਖਤਰੇ ਭਰੀ ਮੁਹਿੰਮ' ਸ਼ੁਰੂ ਕੀਤੀ। ਇਸ ਘਟਨਾ ਤੋਂ ਬਾਅਦ ਸੁਰੱਖਿਆ ਬਲਾਂ ਨੇ ਪੂਰੀ ਅੰਤਰਰਾਸ਼ਟਰੀ ਸਰਹੱਦ ਅਤੇ ਕੰਟਰੋਲ ਰੇਖਾ 'ਤੇ ਹਾਈ ਆਲਰਟ ਜਾਰੀ ਕਰ ਦਿੱਤਾ ਹੈ ਅਤੇ ਇਸ ਆਪਣਾ ਸਖਤ ਇਤਰਾਜ਼ ਪਾਕਿਸਤਾਨ ਰੇਂਜਰਜ਼ ਕੋਲ ਪ੍ਰਗਟ ਕੀਤਾ।

ਅਧਿਕਾਰੀਆਂ ਨੇ ਦੱਸਿਆ ਕਿ ਅੰਤਰਰਾਸ਼ਟਰੀ ਸਰਹੱਦ 'ਤੇ ਜਵਾਨ ਨਾਲ ਕਰੂਰਤਾ ਦੀ ਇਹ ਘਟਨਾ ਪਹਿਲੀ ਹੈ ਤੇ ਸਰਕਾਰ, ਵਿਦੇਸ਼ ਮੰਤਰਾਲਾ ਅਤੇ ਡੀ ਜੀ ਐਮ ਓ ਨੇ ਇਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ ਹੈ। ਇਸ ਘਟਨਾ ਉਤੇ ਰੋਸ ਜ਼ਾਹਰ ਕਰਦੇ ਹੋਏ ਤੇ ਸਰਹੱਦ 'ਤੇ ਹੁੰਦੀ ਜੰਗਬੰਦੀ ਦੀ ਉਲੰਘਣਾ 'ਤੇ ਭਾਰਤ ਦੇ ਡੀ ਜੀ ਐਮ ਓ ਲੈਫ. ਜਨਰਲ ਅਨਿਲ ਚੌਹਾਨ ਨੇ ਪਾਕਿਸਤਾਨ ਦੇ ਡੀ ਜੀ ਐਮ ਓ ਨਾਲ ਗੱਲਬਾਤ ਕਰਕੇ ਅੰਤਰਰਾਸ਼ਟਰੀ ਸਰਹੱਦ 'ਤੇ ਜੰਗਬੰਦੀ ਦੀ ਉਲੰਘਣਾ 'ਤੇ ਰੋਸ ਪ੍ਰਗਟ ਕੀਤਾ।

## ਡਾਂਸਰ ਦੇ ਚਿਹਰੇ 'ਤੇ ਕੈਮੀਕਲ ਸੁੱਟਣ ਵਾਲਾ ਪ੍ਰੇਮੀ ਗ੍ਰਿਫਤਾਰ

ਇੰਦੌਰ, 20 ਸਤੰਬਰ (ਪੋਸਟ ਬਿਊਰੋ)- ਪ੍ਰਸਿੱਧ ਲੋਕ ਡਾਂਸ ਗਰੁੱਪ ਦੀ 21 ਸਾਲ ਡਾਂਸਰ ਦੇ ਚਿਹਰੇ 'ਤੇ ਕੈਮੀਕਲ ਸੁੱਟਣ ਦੇ ਦੋਸ਼ ਵਿੱਚ ਪੁਲਸ ਨੇ ਉਸ ਦੇ ਪ੍ਰੇਮੀ ਨੂੰ ਗ੍ਰਿਫਤਾਰ ਕੀਤਾ ਹੈ। ਹੋਰ ਪੁਰਸ਼ਾਂ ਨਾਲ ਮੇਲ ਜੋਲ ਰੱਖਣ ਤੋਂ ਨਾਰਾਜ਼ ਹੋ ਕੇ ਉਸ ਡਾਂਸਰ ਦੇ ਪ੍ਰੇਮੀ ਨੇ ਉਸ 'ਤੇ ਹਮਲਾ ਕੀਤਾ ਸੀ।



ਵਰਨਣ ਯੋਗ ਹੈ ਕਿ ਇਹ ਲੜਕੀ ਕੁਝ ਰਾਸ਼ਟਰੀ ਟੀ ਵੀ ਚੈਨਲਾਂ 'ਤੇ ਵੀ ਆਪਣਾ ਡਾਂਸ ਕਰ ਚੁੱਕੀ ਹੈ। ਡਾਕਟਰਾਂ ਦੇ ਮੁਤਾਬਕ ਰੁਪਾਲੀ ਦੀਆਂ ਅੱਖਾਂ ਦੀ ਰੋਸ਼ਨੀ 25 ਪ੍ਰਤੀਸ਼ਤ ਤੱਕ ਘੱਟ ਹੋ ਗਈ ਹੈ। ਪੀੜਤਾ ਦੇ ਨਾਲ ਇਹ ਘਟਨਾ ਉਦੋਂ ਹੋਈ, ਜਦ ਉਹ ਅਮਰੀਕਾ ਵਿੱਚ ਆਪਣੇ ਕਾਨਸਰਟ ਲਈ ਕੁਝ ਘੰਟੇ ਬਾਅਦ ਫਲਾਈਟ ਫੜਨ ਵਾਲੀ ਸੀ। ਐਡੀਸ਼ਨਲ ਪੁਲਸ ਕਮਿਸ਼ਨਰ (ਏ ਐਸ ਪੀ) ਪ੍ਰਸ਼ਾਂਤ ਚੌਬੇ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ ਮਹਿੰਦਰ ਸੇਨ ਉਰਫ ਮੋਨੂੰ (23) ਦੇ ਰੂਪ ਵਿੱਚ ਹੋਈ ਹੈ। ਉਹ ਇਕ ਹੇਅਰ ਕਟਿੰਗ ਸੈਲੂਨ ਚਲਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸੇਨ ਉਤੇ ਦੋਸ਼ ਹੈ ਕਿ ਉਸ ਨੇ ਬਾਘਾਗੰਗਾ ਖੇਤਰ ਵਿੱਚ ਬੀਤੇ ਦਿਨੀਂ ਫੋਨ ਕਰਕੇ ਲੜਕੀ ਨੂੰ ਬੁਲਾਇਆ ਅਤੇ ਉਸ ਦੇ ਚਿਹਰੇ 'ਤੇ ਕੈਮੀਕਲ ਸੁੱਟ ਦਿੱਤਾ। ਉਸ ਨੇ ਨਕਾਬ ਪਹਿਨ ਕਰਕੇ ਵਾਰਦਾਤ ਕੀਤੀ, ਪਰ ਇਹ ਘਟਨਾ ਖੇਤਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ। ਚੌਬੇ ਨੇ ਦੱਸਿਆ ਕਿ ਲੜਕੀ ਨੂੰ ਇਕ ਨਿੱਜੀ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਉਹ ਧੁੰਦਲਾ ਦਿਖਾਈ ਦੇਣ ਦੀ ਸ਼ਿਕਾਇਤ ਕਰ ਰਹੀ ਹੈ। ਉਸ ਨੂੰ ਹਸਪਤਾਲ ਵਿੱਚ 24 ਘੰਟੇ ਦੀ ਨਿਗਰਾਨੀ ਵਿੱਚ ਰੱਖਿਆ ਗਿਆ ਹੈ। ਪੁਲਸ ਨੇ ਸੇਨ ਦੇ ਖਿਲਾਫ ਕੇਸ ਦਰਜ ਕੀਤਾ ਹੈ। ਅਧਿਕਾਰੀ ਨੇ ਕਿਹਾ ਕਿ ਸੇਨ ਨੇ ਲੜਕੀ ਦੇ ਚਿਹਰੇ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਸ 'ਤੇ ਜੋ ਕੈਮੀਕਲ ਸੁੱਟਿਆ, ਉਸ ਦੇ ਬਾਰੇ ਸ਼ੱਕ ਹੈ ਕਿ ਉਹ ਟਾਈਲੇਟ ਕਲੀਨ ਕਰਨ ਲਈ ਵਰਤਣ ਪਦਾਰਥ ਹੈ। ਉਹ ਘਾਤਕ ਐਸਿਡ ਨਹੀਂ, ਕਿਉਂਕਿ ਪੀੜਤਾ ਦੇ ਚਿਹਰੇ 'ਤੇ ਛਾਲੇ ਨਹੀਂ ਪਏ ਅਤੇ ਝੁਲਸਣ ਦੇ ਨਿਸ਼ਾਨ ਵੀ ਨਹੀਂ ਹਨ।

## ਭਾਗਵਤ ਵੱਲੋਂ ਅਯੁੱਧਿਆ ਵਿੱਚ ਰਾਮ ਮੰਦਰ ਦੀ ਛੇਤੀ ਉਸਾਰੀ ਦਾ ਹੋਕਾ



ਨਵੀਂ ਦਿੱਲੀ, 20 ਸਤੰਬਰ (ਪੋਸਟ ਬਿਊਰੋ)- ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਕੱਲ੍ਹ ਆਪਣੇ ਸੰਗਠਨ ਦੇ ਤਿੰਨ ਰੋਜ਼ਾ ਸੰਮੇਲਨ ਦੇ ਆਖਰੀ ਦਿਨ ਆਖਿਆ ਕਿ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਛੇਤੀ ਕਰਨੀ ਚਾਹੀਦੀ ਹੈ। ਉਨ੍ਹਾਂ ਇਸ ਮਾਮਲੇ 'ਤੇ ਸਬੰਧਤ ਧਿਰਾਂ ਵਿਚਾਲੇ ਗੱਲਬਾਤ ਦੀ ਹਮਾਇਤ ਵੀ ਕੀਤੀ। ਉਨ੍ਹਾਂ ਇਸ ਮੌਕੇ ਜਨਸੰਖਿਆ ਨੀਤੀ ਬਣਾਉਣ 'ਤੇ ਜ਼ੋਰ ਦਿੱਤਾ, ਜਿਹੜੀ ਸਮਾਜ ਦੇ ਸਾਰੇ ਤਬਕਿਆਂ 'ਤੇ ਲਾਗੂ ਹੋਵੇ।

ਇਸ ਮੌਕੇ ਮੋਹਨ ਭਾਗਵਤ ਨੇ ਸਪਸ਼ਟ ਕੀਤਾ ਕਿ ਹਿੰਦੂ ਧਰਮ ਅੰਤਰਜਾਤੀ ਵਿਆਹ ਦੇ ਵਿਰੁੱਧ ਨਹੀਂ। ਉਨ੍ਹਾ ਨੇ ਕਿਹਾ ਕਿ ਜੇ ਅੰਤਰਜਾਤੀ ਵਿਆਹਾਂ ਦੀ ਗਿਣਤੀ ਕਰਵਾਈ ਜਾਵੇ ਤਾਂ ਉਸ ਵਿੱਚ ਜ਼ਿਆਦਾ ਕੇਸ ਉਹ ਮਿਲਣਗੇ ਜਿਨ੍ਹਾਂ ਦਾ ਸਬੰਧ ਸੰਘ ਪਰਵਾਰ ਨਾਲ ਹੈ। ਉਨ੍ਹਾਂ ਇਸ ਮੌਕੇ ਕਿਹਾ ਕਿ ਭਾਰਤ ਨੂੰ ਨਵੀਂ ਸਿੱਖਿਆ ਨੀਤੀ ਦੀ ਲੋੜ ਹੈ। ਭਾਗਵਤ ਨੇ ਕਿਹਾ ਕਿ ਸੰਘ ਇਸ ਦੇਸ਼ ਦੇ ਸੰਵਿਧਾਨ ਦੀ ਧਾਰਾ 370 ਅਤੇ 35 ਏ ਨੂੰ ਸਵੀਕਾਰ ਨਹੀਂ ਕਰੇਗਾ, ਜੋ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦਿੰਦੀ ਹੋਵੇ। ਉਨ੍ਹਾਂ ਕਿਹਾ ਕਿ ਉਹ ਇਸ ਰਾਜ ਦੀ ਤਰੱਕੀ ਦੀ ਕਾਮਨਾ ਕਰਦੇ ਹਨ ਅਤੇ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਇਥੋਂ ਦੇ ਲੋਕ ਮੁੱਖ ਧਾਰਾ ਵਿੱਚ ਸ਼ਾਮਲ ਹੋਣ। ਕੁਝ ਸਵਾਲਾਂ ਦਾ ਜਵਾਬ ਦਿੰਦਿਆਂ ਭਾਗਵਤ ਨੇ ਕਿਹਾ ਕਿ ਹਿੰਦੂਤਵ ਦੇ ਖਿਲਾਫ ਕਿਸੇ ਤਰ੍ਹਾਂ ਦਾ ਗੁੱਸਾ ਨਹੀਂ ਹੈ ਅਤੇ ਸੰਸਾਰ ਭਰ ਵਿੱਚ ਇਸ ਦਾ ਪਸਾਰ ਹੋਇਆ ਹੈ, ਲੋਕ ਇਸ ਨੂੰ ਅਪਣਾ ਰਹੇ ਹਨ।

## ਮਾਨੇਸਰ ਜ਼ਮੀਨ ਘੁਟਾਲਾ ਕੇਸ ਵਿੱਚ ਕੋਰਟ ਨੇ ਦਸਤਾਵੇਜ਼ ਦੇਣ ਨੂੰ ਕਿਹਾ



ਪੰਚਕੂਲਾ, 20 ਸਤੰਬਰ (ਪੋਸਟ ਬਿਊਰੋ)- ਮਾਨੇਸਰ ਜ਼ਮੀਨ ਘੁਟਾਲੇ ਬਾਰੇ ਪੰਚਕੂਲਾ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ’ਚ ਸੁਣਵਾਈ ਇਸ ਦੌਰਾਨ ਦੋਸ਼ੀ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਹੋਰ ਲੋਕ ਅਦਾਲਤ ਵਿੱਚ ਪੇਸ਼ ਹੋਏ। ਪਿਛਲੀ ਸੁਣਵਾਈ ਮੌਕੇ ਬਚਾਅ ਪੱਖ ਨੇ ਅਦਾਲਤ ’ਚ ਚਾਰਜਸ਼ੀਟ ਦੇ ਬਾਕੀ ਦਸਤਾਵੇਜ਼ਾਂ ਦੀ ਮੰਗ ਕੀਤੀ ਸੀ। ਸੁਣਵਾਈ ਦੌਰਾਨ ਸੀ ਬੀ ਆਈ ਨੇ ਬਚਾਅ ਪੱਖ ਨੂੰ ਚਾਰਜਸ਼ੀਟ ਦੇ ਦਸਤਾਵੇਜ਼ ਸੌਂਪ ਦਿੱਤੇ।

ਬਚਾਅ ਪੱਖ ਦੇ ਵਕੀਲ ਐਸ ਪੀ ਐਸ ਪਰਮਾਰ ਨੇ ਕਿਹਾ ਕਿ ਸੀ ਬੀ ਆਈ ਨੇ ਚਾਰਜਸ਼ੀਟ ਦੇ ਦਸਤਾਵੇਜ਼ ਉਨ੍ਹਾਂ ਨੂੰ ਪੂਰੇ ਨਹੀਂ ਦਿੱਤੇ ਅਤੇ ਉਨ੍ਹਾਂ ਵਿਚੋਂ ਵੱਡੀ ਗਿਣਤੀ ਵਿੱਚ ਦਸਤਾਵੇਜ਼ ਮੌਜੂਦ ਨਹੀਂ ਹਨ। ਅਦਾਲਤ ਨੇ ਸੀ ਬੀ ਆਈ ਨੂੰ ਆਦੇਸ਼ ਦਿੱਤਾ ਕਿ ਅਗਲੀ ਸੁਣਵਾਈ ਤੋਂ ਪਹਿਲੇ ਪੂਰੇ ਦਸਤਾਵੇਜ਼ ਬਚਾਅ ਪੱਖ ਨੂੰ ਦੇਵੇ। ਇਸ ਵਿਸ਼ੇਸ਼ ਕੇਸ ਦੇ ਸੰਬੰਧ ਵਿੱਚ ਅਗਲੀ ਸੁਣਵਾਈ ਚਾਰ ਅਕਤੂਬਰ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ ਮਾਨੇਸਰ ਦੇ ਤਿੰਨ ਪਿੰਡਾਂ ਵਿਚ ਕਿਸਾਨਾਂ ਦੀ ਜ਼ਮੀਨ ਅਕੁਆਇਰ ਕਰਨ ਦੇ ਨਾਂ ’ਤੇ ਡਰਾ ਕੇ ਉਨ੍ਹਾਂ ਤੋਂ ਸਸਤੀ ਕੀਮਤ ’ਤੇ ਜ਼ਮੀਨ ਖ਼ਰੀਦ ਕੇ ਬਾਅਦ ’ਚ ਬਿਲਡਰਾਂ ਨਾਲ ਗੱਠਜੋੜ ਕਰ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਗਿਆ ਸੀ। ਦੋਸ਼ੀਆਂ ਨੇ ਮਾਨੇਸਰ, ਨੌਰੰਗਪੁਰ ਅਤੇ ਲਖਨੌਲਾ ਦੇ ਕਿਸਾਨਾਂ ਤੇ ਜ਼ਮੀਨ ਮਾਲਕਾਂ ਨੂੰ ਆਈ ਐਮਟੀ ਦੇ ਨਾਂ ’ਤੇ ਜ਼ਮੀਨ ਅਕੁਆਇਰ ਕਰਨ ਦਾ ਪੱਤਰ ਵਿਖਾ ਕੇ ਕੁਝ ਆਗੂਆਂ ਨਾਲ ਮਿਲ ਕੇ ਜ਼ਮੀਨ ਦੀ ਖ਼ਰੀਦ ਵਿਚ ਧੋਖਾਧੜੀ ਕੀਤੀ ਸੀ ਤੇ ਕੁਝ ਦਸਤਾਵੇਜ਼ਾਂ ’ਤੇ ਦੋਸ਼ੀਆਂ ਨੇ ਫਰਜ਼ੀ ਦਸਤਖ਼ਤ ਕੀਤੇ ਸਨ। ਅਗਸਤ 2014 ’ਚ ਇਸ ਦਾ ਪਰਦਾ ਫਾਸ਼ ਹੋਣ ਪਿੱਛੋਂ ਸੀ ਬੀ ਆਈ ਨੇ ਸਤੰਬਰ, 2015 ’ਚ ਦੋਸ਼ੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਇਸ ਕੇਸ ਵਿਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਓਦੋਂ ਦੇ ਆਈ ਏ ਐਸ ਅਫਸਰਾਂ ਸਮੇਤ ਕੁੱਲ 34 ਲੋਕਾਂ ਅਤੇ ਰੀਅਲ ਅਸਟੇਟ ਕੰਪਨੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਦੋ ਮਕੈਨਿਕਾਂ ਦੀ ਲੋੜ ਹੈ
• 6 ਦੀਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experienced in mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
For all your Real Estate needs:
HIRA RANDHWA
Sales Represesntatives
416.319.0551
905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
HOMELIFE SILVERCITY Realty Inc. Brokerage Independently Owned & Operated
www.HiraRandhawa.com hirarandhawa@yahoo.ca
$579,000 Ray Lawson & Timberlane: 3 Bedroom Townhouse With Finished Basement, Sep Entrance Through Garage. Hardwood Floor, Freshly Painted, Concrete Patio, Concrete Side Pavement, New Roof, Walking Distance To Sheridan College.
$609,000 Derry & Airport: Fully Detached 5+3 Bedroom And 4 Bath Home With A Lot Of Upgrades Included 6 Car Wrapped Concrete And Driveway With Full Fenced Backyard. Close To Airport, Mosque, Gurduwara, Banks, Schools & Major Hwys.
$659,000 Mc Murchy & Steeles Ave: Fabulous And Stunning Fully Renovated Detached House With 3+1 Bedroom. Fully Renovated In 2018 Which Includes Full Washroom On Main Floor, New Floors, New Basement. It Is Close To All Amenities, Sheridan College...
$699,900 Chinguacousy/Queen: Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
RESP
Supervisa Insurance
Call : 416.319.0551

## ਟਰੰਪ ਨੇ ਮਿਹਣਾ ਦਿੱਤਾ: ਅਮਰੀਕਾ ਦੇ ਪੈਸੇ ਨਾਲ ਬਣਿਆ ਹੈ ਚੀਨ

ਵਾਸ਼ਿੰਗਟਨ, 20 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹ ਮਿਹਣਾ ਦਿੱਤਾ ਕਿ ਚੀਨ ਨੇ ਅਮਰੀਕਾ ਤੋਂ ਕਾਫੀ ਪੈਸਾ ਲਿਜਾ ਕੇ ਆਪਣੇ ਦੇਸ਼ ਦੀ ਮੁੜ ਉਸਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਚੀਨ ਸਮੇਤ ਹਰ ਕਿਸੇ ਨੇ ਅਮਰੀਕਾ ਦਾ ਲਾਭ ਉਠਾਇਆ ਹੈ, ਪਰ ਤਿੰਨ ਮਹੀਨੇ ਵਿੱਚ ਹੀ ਉਨ੍ਹਾਂ ਦਾ ਬਾਜ਼ਾਰ 32 ਫੀਸਦੀ ਡਿੱਗ ਗਿਆ ਹੈ। ਅੱਗੇ ਤੋਂ ਅਸੀਂ ਇਸ ਤਰ੍ਹਾਂ ਨਹੀਂ ਹੋਣ ਦੇਵਾਂਗੇ, ਜੋ ਉਹ ਕਰਦੇ ਰਹੇ ਹਨ।

ਡੋਨਾਲਡ ਟਰੰਪ ਨੇ ਅਮਰੀਕਾ ਦੀ ਯਾਤਰਾ ਲਈ ਆਏ ਪੋਲੈਂਡ ਦੇ ਰਾਸ਼ਟਰਪਤੀ ਆਂਦਰੇਜੇਜ ਡੂਡਾ ਨਾਲ ਵ੍ਹਾਈਟ ਹਾਊਸ 'ਚ ਸਾਂਝੇ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਚੀਨ ਹਰ ਸਾਲ 500 ਅਰਬ ਡਾਲਰ ਅਮਰੀਕਾ ਤੋਂ ਲਿਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੁਨੀਆ ਭਰ ਦੀ ਗੋਲਕ ਬਣ ਗਿਆ ਹੈ ਅਤੇ ਸਾਰੇ ਇਸ ਦਾ ਲਾਭ ਉਠਾ ਰਹੇ ਹਨ। ਟਰੰਪ ਨੇ ਕਿਹਾ ਕਿ ਚੀਨ ਨੇ ਅਮਰੀਕਾ ਤੋਂ ਲਿਆਂਦੇ ਜਾ ਰਹੇ ਪੈਸੇ ਨਾਲ ਆਪਣੇ ਦੇਸ਼ ਨੂੰ ਮੁੜ ਕੇ ਖੜਾ ਕੀਤਾ ਹੈ, ਪਰ ਮੈਂ ਇਸ ਨੂੰ ਬਦਲ ਦਿੱਤਾ ਹੈ। ਤੁਸੀਂ ਦੇਖੋ ਕਿ ਸਾਡਾ ਬਾਜ਼ਾਰ ਰਾਕਟ ਵਾਂਗ ਉਪਰ ਜਾ ਰਿਹਾ ਹੈ। ਮੈਂ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਦਾ ਬਾਜ਼ਾਰ ਡਿੱਗੇ, ਪਰ ਤਿੰਨ ਮਹੀਨੇ ਵਿੱਚ ਹੀ ਉਨ੍ਹਾਂ ਦਾ ਬਾਜ਼ਾਰ 32 ਫੀਸਦੀ ਡਿੱਗ ਗਿਆ ਹੈ। ਇਸ ਤਰ੍ਹਾਂ ਇਸ ਲਈ ਕਿ ਅਸੀਂ ਅੱਗੇ ਤੋਂ ਉਹ ਨਹੀਂ ਹੋਣ ਦੇਵਾਂਗੇ, ਜੋ ਉਹ ਕਰਦੇ ਆਏ ਹਨ। ਉਨ੍ਹਾ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਚੀਨ ਸਾਡੇ ਦੇਸ਼ ਤੋਂ ਹਰ ਸਾਲ 500 ਅਰਬ ਡਾਲਰ ਤੋਂ ਵੱਧ ਧਨ ਲਿਜਾ ਰਿਹਾ ਹੈ। ਇਹ ਪੋਲੈਂਡ ਲਈ ਕਾਫੀ ਜ਼ਿਆਦਾ ਹੋਵੇਗਾ, ਹੈ ਜਾਂ ਨਹੀਂ? ਤੁਸੀਂ ਇਸ ਨਾਲ ਆਪਣੇ ਦੇਸ਼ ਨੂੰ ਨਵੇਂ ਸਿਰੇ ਤੋਂ ਤਿਆਰ ਕਰ ਸਕਦੇ ਹੋ। ਚੀਨ ਨੇ ਇਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਵਪਾਰ ਦੇ ਸੰਤੁਲਨ ਦੀ ਘਾਟ 'ਤੇ ਸਖਤ ਨਜ਼ਰ ਰੱਖ ਰਹੇ ਹਨ ਕਿਉਂਕਿ ਇਹ ਮਹੱਤਵ ਪੂਰਨ ਹੈ, ਜਦੋਂ ਕਿਸੇ ਦੇਸ਼ ਨਾਲ ਵਪਾਰ ਘਾਟਾ 375 ਅਰਬ ਡਾਲਰ ਹੋਵੇ ਅਤੇ ਉਸ ਦੇ ਬਾਅਦ ਅਰਬਾਂ ਡਾਲਰ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਹੋਣ, ਤਾਂ ਕਿਸੇ ਨੂੰ ਤਾਂ ਇਸ ਬਾਰੇ ਕੁਝ ਕਰਨਾ ਹੀ ਪੈਂਦਾ ਹੈ। ਉਨ੍ਹਾਂ ਕਿਹਾ ਕਿ ਚੀਨ ਨੇ ਸਾਡਾ ਫਾਇਦਾ ਉਠਾਇਆ ਅਤੇ ਯੂਰਪੀ ਯੂਨੀਅਨ ਵਾਲਿਆਂ ਨੇ ਵੀ ਸਾਡਾ ਫਾਇਦਾ ਉਠਾਇਆ ਸੀ।

## ਪਾਕਿ ਨੇ ਬੁਰਹਾਨ ਵਾਨੀ ਸਮੇਤ ਅੱਤਵਾਦੀਆਂ ਦੇ ਨਾਂ ਦੇ 20 ਡਾਕ ਟਿਕਟ ਜਾਰੀ ਕੀਤੇ

ਇਸਲਾਮਾਬਾਦ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਨਵੀਂ ਬਣੀ ਸਰਕਾਰ ਦੀ ਨੀਤੀ ਵਿਚ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ। ਇਕ ਪਾਸੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸ਼ਾਂਤੀ ਵਾਰਤਾ ਸ਼ੁਰੂ ਕਰਨ ਦਾ ਪ੍ਰਸਤਾਵ ਦਿੱਤਾ ਹੈ ਅਤੇ ਦੂਜੇ ਪਾਸੇ ਉਹ ਭਾਰਤ ਨੂੰ ਭੜਕਾਉਣ ਵਾਲੀਆਂ ਹਰਕਤਾਂ ਕਰਨ ਤੋਂ ਅਮਲੀ ਜ਼ਿੰਦਗੀ ਵਿੱਚ ਬਾਜ਼ ਨਹੀਂ ਆ ਰਿਹਾ।




ਮਿਲੀ ਜਾਣਕਾਰੀ ਅਨੁਸਾਰ ਪਾਕਿ-ਸਤਾਨ ਦੇ ਡਾਕ ਵਿਭਾਗ ਨੇ ਜੰਮੂ-ਕਸ਼ਮੀਰ ਵਿਚ ਮਾਰੇ ਗਏ ਅੱਤਵਾਦੀਆਂ ਉੱਤੇ 20 ਡਾਕ ਟਿਕਟ ਜਾਰੀ ਕੀਤੇ ਹਨ। ਇਨ੍ਹਾਂ ਵਿਚ ਅੱਤਵਾਦੀਆਂ ਦੇ ਇਲਾਵਾ ਦੂਜੇ ਲੋਕ ਵੀ ਹਨ, ਜਿਨ੍ਹਾਂ ਨੂੰ ਕਸ਼ਮੀਰ ਵਿਚ ਭਾਰਤੀ ਫੌਜ ਦੇ ਪੀੜਤ ਦੱਸਿਆ ਗਿਆ ਹੈ। ਡਾਕ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦੇ ਮੁਤਾਬਕ ਇਨ੍ਹਾਂ ਟਿਕਟਾਂ ਨੂੰ ਕਰਾਚੀ ਤੋਂ ਜਾਰੀ ਕੀਤਾ ਗਿਆ ਹੈ, ਜਿੱਥੇ ਡਾਕ ਵਿਭਾਗ ਦਾ ਹੈੱਡਕੁਆਰਟਰ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਨੇ ਇਹ ਆਪਣੇ ਆਪ ਨੂੰ ਕਸ਼ਮੀਰੀਆਂ ਦਾ ਹਮਾਇਤੀ ਦੱਸ ਲਈ ਕੀਤਾ ਹੈ। ਉਸ ਨੇ ਕਿਹਾ ਕਿ ਡਾਕ ਟਿਕਟ ਨਾਲ ਅਸੀਂ ਕਸ਼ਮੀਰ ਦੇ ਲੋਕਾਂ ਦੀ ਸਮੱਸਿਆ ਨੂੰ ਸਥਾਨਕ ਅਤੇ ਸੰਸਾਰ ਪੱਧਰ ’ਤੇ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਇਹੀ ਨਹੀਂ ਪਾਕਿਸਤਾਨ ਵੱਲੋਂ ਅੱਤਵਾਦੀਆਂ ਦੀਆਂ ਤਸਵੀਰਾਂ ਦੇ ਹੇਠਾਂ ਸਿਰਲੇਖ ਲਿਖ ਕੇ ਉਨ੍ਹਾਂ ਨੂੰ ਸ਼ਹੀਦ ਐਲਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਟਿਕਟਾਂ ’ਤੇ ਲਿਖਿਆ ਹੈ- ‘ਕੈਮੀਕਲ ਹਥਿਆਰਾਂ ਦੀ ਵਰਤੋਂ, ਪੈਲੇਟ ਗੰਨ ਦੀ ਵਰਤੋਂ, ਸਮੂਹਕ ਕਬਰ ਤੇ ਬੁਰਹਾਨ ਵਾਨੀ ਫ੍ਰੀਡਮ ਆਈਕੌਨ (1994-2016)’।

ਵਰਨਣ ਯੋਗ ਹੈ ਕਿ ਬੁਰਹਾਨ ਵਾਨੀ ਨੂੰ ਉਸ ਦੇ ਦੋ ਸਾਥੀਆਂ ਦੇ ਨਾਲ ਭਾਰਤੀ ਸੁਰੱਖਿਆ ਬਲਾਂ ਨੇ 8 ਜੁਲਾਈ, 2016 ਨੂੰ ਅਨੰਤਨਾਗ ਵਿਚ ਹੋਏ ਇਕ ਮੁਕਾਬਲੇ ਵਿਚ ਮਾਰਿਆ ਸੀ। ਇਹ ਸਾਰੇ 20 ਡਾਕ ਟਿਕਟ ਈ-ਬੇਅ ਅਤੇ ਦੂਜੀ ਆਨਲਾਈਨ ਟ੍ਰੇਡਿੰਗ ਵੈਬਸਾਈਟ ’ਤੇ ਵਿਕਣ ਨੂੰ ਮੌਜੂਦ ਹਨ। ਇਨ੍ਹਾਂ ਟਿਕਟਾਂ ਨੂੰ ਕਰਾਚੀ ਟਿਕਟ ਕੁਲੈਕਸ਼ਨ ਨੇ ਸ਼ਹੀਦ ਦਿਵਸ ਦੇ ਮੌਕੇ ’ਤੇ ਜਾਰੀ ਕੀਤਾ ਹੈ।

## ਅਮਰੀਕੀ ਸਰਜਨ ਅਤੇ ਉਸ ਦੀ ਪ੍ਰੇਮਿਕਾ ’ਤੇ ਮਰੀਜ਼ਾਂ ਨਾਲ ਜਬਰੀ ਸੈਕਸ ਦੇ ਦੋਸ਼ ਲੱਗੇ

ਸਾਨਫਰਾਂਸਿਸਕੋ, 20 ਸਤੰਬਰ (ਪੋਸਟ ਬਿਊਰੋ)- ਕੈਲੇਫੋਰਨੀਆ ਦੇ ਇੱਕ ਆਰਥੋਪੈਡਿਕ ਸਰਜਨ ਅਤੇ ਉਸ ਦੀ ਗਰਲ ਫਰੈਂਡ ਉੱਤੇ ਦੋ ਔਰਤਾਂ ਨੂੰ ਨਸ਼ੀਲਾ ਪਦਾਰਥ ਦੇਣ ਅਤੇ ਉਨ੍ਹਾਂ ਦਾ ਸੈਕਸ ਸ਼ੋਸ਼ਣ ਕਰਨ ਦਾ ਦੋਸ਼ ਲੱਗਾ ਹੈ। ਵਕੀਲਾਂ ਨੂੰ ਸ਼ੱਕ ਹੈ ਕਿ ਇਸ ਮਾਮਲੇ ਵਿਚ ਪੀੜਤਾਂ ਦੀ ਗਿਣਤੀ ਬਹੁਤ ਵੱਧ ਹੋ ਸਕਦੀ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੇ ਦੌਰਾਨ ਅਸੀਂ ਪ੍ਰੈੱਸ ਕਾਨਫਰੰਸ ਕਰ ਕੇ ਇਸ ਕੇਸ ਵਿਚ ਹੋਰ ਔਰਤਾਂ ਨੂੰ ਵੀ ਅੱਗੇ ਆਉਣ ਦੀ ਬੇਨਤੀ ਕੀਤਾਂ ਤਾਂ ਉਸ ਦੇ ਕੁਝ ਹੀ ਘੰਟੇ ਬਾਅਦ ਸਾਨੂੰ ਦਰਜਨਾਂ ਫੋਨ ਆ ਗਏ। ਆਰੇਂਜ ਕਾਉਂਟੀ ਪ੍ਰੋਸਿਕਿਊਟਰ ਦੀ ਬੁਲਾਰਾ ਮਿਸ਼ੇਲ ਵਾਨ ਦੇਰ ਲਿੰਡੇਨ ਨੇ ਕਿਹਾ, ਜਾਂਚ ਕਰਤਾਵਾਂ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ ਉਨ੍ਹਾਂ ਨੂੰ ਲਗਾਤਾਰ ਫੋਨ ਆਏ। ਲੋਕ ਫੋਨ ਕਰਕੇ ਇਸ ਬਾਰੇ ਦੱਸ ਰਹੇ ਹਨ। ਇਸ ਵਿਚ ਬਹੁਤ ਸਾਰੀਆਂ ਸੂਚਨਾਵਾਂ ਦਾ ਵਿਸ਼ਲੇਸ਼ਣ ਅਤੇ ਜਾਂਚ ਕਰਨ ਵਿਚ ਸਮਾਂ ਲੱਗ ਸਕਦਾ ਹੈ। ਨਾਲ ਇਹ ਵੀ ਦਸਿਆ ਜਾ ਰਿਹਾ ਹੈ ਕਿ ਪੁਲਿਸ ਨੇ ਕੁਕਰਮ ਦੇ ਦੋ ਕੇਸਾਂ ਵਿਚ 11 ਸਤੰਬਰ ਨੂੰ ਸਰਜਨ ਗਰਾਂਟ ਵਿਲਿਅਮ ਰਾਬੀਚੇਕਸ ( 38 ) ਅਤੇ ਉਸ ਦੀ ਪ੍ਰੇਮਿਕਾ ਸੇਰਿਸਾ ਲੌਰਾ ਰਾਇਲੀ ( 31) ਦੇ ਖਿਲਾਫ ਕੁਕਰਮ, ਨਸ਼ੀਲਾ ਪਦਾਰਥ ਤੇ ਹਥਿਆਰਾਂ ਨਾਲ ਜੁੜੇ ਮਾਮਲਿਆਂ ਦੇ ਦੋਸ਼ ਤੈਅ ਕੀਤੇ ਸਨ। ਲਿੰਡੇਨ ਨੇ ਦੱਸਿਆ ਕਿ ਰਾਬੀਚੇਕਸ ਦੀ ਗ੍ਰਿਫਤਾਰੀ ਪਿੱਛੋਂ ਜਾਂਚ ਕਰਤਾਵਾਂ ਨੂੰ ਉਸ ਦੇ ਫੋਨ ਵਿਚ ਅਣਗਿਣਤ ਦੀ ਗਿਣਤੀ ਵਿਚ ਵੀਡੀਓ ਮਿਲੇ, ਜਿਨ੍ਹਾਂ ਵਿਚ ਕਈ ਲੋਕ ਬਿਨਾਂ ਕਪੜਿਆਂ ਦੇ ਹਨ, ਕਈ ਬੇਹੋਸ਼ ਹਨ ਤੇ ਉਨ੍ਹਾਂ ਦਾ ਯੌਨ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰੇਂਜ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਟੋਨੀ ਰੋਕੋਕਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰੋਬਬੇਕ ਅਤੇ ਰੌਲੀ ਨੇ ਆਪਣੇ ਪੀੜਤਾਂ ਨੂੰ ਰੈਸਟੋਰੈਂਟਾਂ ਅਤੇ ਬਾਰਾਂ ਨੂੰ ਇਕੱਠੇ ਪਛਾਣਨ ਲਈ ਵਰਤਿਆ, ਉਨ੍ਹਾਂ ਨੂੰ ਭਰੋਸੇ ਵਿੱਚ ਲਿਆ ਅਤੇ ਫਿਰ ਉਹਨਾਂ ਨਾਲ ਅਪਰਾਧ ਕਰਦੇ ਸਨ।



## ਰਾਸ਼ਟਰਪਤੀ ਪੁਤਿਨ ਉੱਤੇ ਜ਼ਹਿਰ ਦੇਣ ਦਾ ਦੋਸ਼ ਲਾਇਆ

ਸਲਸਬਰੀ, 20 ਸਤੰਬਰ (ਪੋਸਟ ਬਿਊਰੋ)- ਰੂਸ ਦੀ 30 ਸਾਲਾ ਮਾਡਲ ਕੁੜੀ ਨੇ ਰਾਸ਼ਟਰਪਤੀ ਪੁਤਿਨ 'ਤੇ ਜਾਨੋਂ ਮਾਰਨ ਦੀ ਸਾਜ਼ਿਸ਼ ਦਾ ਸਨਸਨੀ ਖੇਜ਼ ਦੋਸ਼ ਲਾਇਆ ਹੈ। ਮਾਡਲ ਐਨਾ ਸ਼ਪਿਰੋ ਆਪਣੇ 42 ਸਾਲਾ ਪਤੀ ਨਾਲ ਇਸ ਸ਼ਹਿਰ ਦੇ ਰੈਸਟੋਰੈਂਟ ਡਿਨਰ ਕਰ ਰਹੀ ਸੀ, ਜਦੋਂ ਉਸ ਦੇ ਪਤੀ ਦੀ ਸਿਹਤ ਅਚਾਨਕ ਵਿਗੜ ਗਈ। ਸੁਰੱਖਿਆ ਬਲਾਂ ਦੇ ਮੁਤਾਬਕ ਮਾਡਲ ਤੇ ਉਨ੍ਹਾਂ ਦੇ ਪਤੀ ਨੂੰ ਚੂਹੇ ਦੀ ਦਵਾਈ ਦੇ ਕੇ ਮਾਰਨ ਵਾਲੇ ਗਰੁੱਪ ਨੇ ਸ਼ਿਕਾਰ ਬਣਾਇਆ ਹੈ। ਵਰਨਣ ਯੋਗ ਹੈ ਕਿ ਇਸ ਸ਼ਹਿਰ ਵਿੱਚ ਕੁਝ ਦਿਨ ਪਹਿਲਾਂ ਇਕ ਹੋਰ ਅਜਿਹਾ ਮਾਮਲਾ ਸਾਹਮਣੇ ਆਇਆ ਸੀ। ਸੁਰੱਖਿਆ ਬਲਾਂ ਨੇ ਕਿਹਾ ਕਿ ਹੋ ਸਕਦਾ ਹੈ ਕਿ ਭਵਿੱਖ ਵਿੱਚ ਵੀ ਅਜਿਹੀ ਕੋਈ ਵਾਰਦਾਤ ਹੋਵੇ, ਇਸ ਲਈ ਅਸੀਂ ਖਾਸ ਤੌਰ 'ਤੇ ਚੌਕਸੀ ਰੱਖ ਰਹੇ ਹਾਂ। ਐਨਾ ਨੇ ਕਿਹਾ ਕਿ ਅਸੀਂ ਰੈਸਟੋਰੈਂਟ 'ਚ ਖਾਣਾ ਆਰਡਰ ਕੀਤਾ, ਪਰ ਪਿਜ਼ਾ ਖਾਣ ਦੇ ਕੁਝ ਦੇਰ ਬਾਅਦ ਹੀ ਮੇਰੇ ਪਤੀ ਬਾਥਰੂਮ 'ਚ ਡਿੱਗ ਪਏ ਤੇ ਉਨ੍ਹਾਂ ਦੇ ਮੂੰਹ 'ਚੋਂ ਝੱਗ ਨਿਕਲਣ ਲੱਗ ਪਈ। ਐਨਾ ਸ਼ਾਪਿਰੋ ਮੂਲ ਵਿੱਚੋਂ ਰੂਸ ਦੀ ਹੈ, ਪਰ ਆਪਣੇ ਪਰਵਾਰ ਦੇ ਖਿਲਾਫ 2006 'ਚ ਉਨ੍ਹਾਂ ਨੇ ਇਜ਼ਰਾਈਲ ਦੀ ਨਾਗਰਿਕਤਾ ਲੈ ਲਈ ਅਤੇ ਇਸ ਵੇਲੇ ਇੰਗਲੈਂਡ ਵਿੱਚ ਰਹਿ ਰਹੀ ਹੈ। ਉਸ ਨੇ ਕਿਹਾ ਕਿ ਮੈਂ ਜਨਤਕ ਤੌਰ 'ਤੇ ਕਹਿੰਦੀ ਹਾਂ ਕਿ ਇਸ ਦੇ ਪਿੱਛੇ ਪੁਤਿਨ ਦੀ ਸਾਜ਼ਿਸ਼ ਹੈ, ਮੇਰੇ ਪਿਤਾ ਰੂਸ ਦੀ ਆਰਮੀ ਵਿੱਚ ਵੱਡੇ ਅਹੁਦੇ ਉੱਤੇ ਸਨ।

## ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਵਿਅਕਤੀ ਦਾ ਘਰ ਸਾੜਿਆ

ਲੰਡਨ, 20 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਇੱਕ ਪਰਵਾਰ ਦੇ ਚਾਰ ਮੈਂਬਰ ਉਸ ਸਮੇਂ ਵਾਲ-ਵਾਲ ਬਚ ਗਏ, ਜਦ ਉਨ੍ਹਾਂ ਦੇ ਘਰ ਨੂੰ ਕੁਝ ਲੋਕਾਂ ਨੇ ਅੱਗ ਲਾ ਦਿੱਤੀ। ਦੱਖਣੀ ਪੂਰਬੀ ਲੰਡਨ ਵਿੱਚ ਓਰਪਿੰਗਟਨ ਦੇ ਬੋਰਕਵੁਡ ਪਾਰਕ ਇਲਾਕੇ ਵਿੱਚ ਮਯੂਰ ਕਰਲੇਕਰ ਉਰਫ ਮੈਕ ਪਤਨੀ ਰਿਤੂ ਤੇ ਦੋ ਬੱਚਿਆਂ ਨਾਲ ਰਹਿੰਦੇ ਹਨ। ਪਿਛਲੇ ਦਿਨੀਂ ਰਾਤ ਜਦ ਇਹ ਲੋਕ ਸੁੱਤੇ ਹੋਏ ਸਨ ਤਾਂ ਗੁਆਂਢੀਆਂ ਨੇ ਘਰ ਦੇ ਬਾਹਰ ਅੱਗ ਦੇਖੀ। ਮਯੂਰ ਨੂੰ ਜਗਾਉਣ ਦੇ ਨਾਲ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਸੱਦਿਆ ਗਿਆ। ਇਸ ਬਾਰੇ ਮੈਟਰੋਪਾਲੀਟਨ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਪੁਲਸ ਇਸ ਨੂੰ ਘਿਨੌਣਾ ਅਪਰਾਧ ਮੰਨਦੇ ਹੋਏ ਜਾਂਚ ਕਰ ਰਹੀ ਹੈ। ਇਹ ਅੱਗਜਨੀ ਅਤੇ ਅਪਰਾਧਕ ਨੁਕਸਾਨ ਦਾ ਮਾਮਲਾ ਹੈ। ਹਾਲੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਇਲਾਕੇ ਵਿੱਚ ਸੀ ਸੀ ਟੀ ਵੀ ਫੁਟੇਜ ਵਿੱਚ ਚਾਰ-ਪੰਜ ਨੌਜਵਾਨ ਮਯੂਰ ਦੇ ਘਰ ਦੇ ਬਾਹਰ ਵਾੜੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਦਿੱਸਦੇ ਹਨ। ਮੁੰਬਈ ਤੋਂ 1990 ਵਿੱਚ ਬ੍ਰਿਟੇਨ ਆਏ ਮਯੂਰ ਨੇ ਦੱਸਿਆ ਕਿ ਵਾਰਦਾਤ ਸਮੇਂ ਪੂਰਾ ਪਰਵਾਰ ਸੁੱਤਾ ਹੋਇਆ ਸੀ। ਜ਼ਿਆਦਾ ਨੁਕਸਾਨ ਵਾੜੇ ਵਿੱਚ ਹੋਇਆ ਹੈ। ਮੇਰੇ ਬੇਟੇ ਦਾ ਕਮਰਾ ਬਚ ਗਿਆ। ਘਟਨਾ ਦੇ ਸਮੇਂ ਉਹ ਸੁੱਤਾ ਹੋਇਆ ਸੀ।

Auto | Home | Business
“ਵਾਜਿਬ ਰੇਟ ਤੇ ਵਧੀਆ ਕਵਰੇਜ”

◦ Unbeatable Prices ◦ Huge Discounts on
◦ Good Rates Various Insurances
Harmanjeet Kaur | 905.602.1629
LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

Jobs Jobs Jobs
General Labor/ Unloader/ Window Assemblers & Machine Operators
• Full time Jobs available
• Morning & Afternoon Shifts Available
Neha: 416.855.9671

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”
New Drivers Are Also Welcome, We Give Paid Training With Full Time Job
For Further Information Contact: 6476253344

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
♦ Free Evaluation of your Property
♦ Special Packages for First Time Buyer
♦ Arrangement of Low Mortgage rate Lawyer
♦ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8
Avtar Singh Tiwana Sales Rep.

FOR SALE $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।

FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE Photo Not Available $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

FOR SALE $859,900 Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ

BEST TRUCK REPAIR & TIRE CENTRE
MICHELIN | HANKOOK | Continental | ROADLUX | BFGoodrich | AEOLUS
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries 1000 on Special Sale
ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ
7 ਦਿਨ ਖੁੱਲਾ
www.besttruckrepairandtire.ca | Email: ranjitbesttruck@yahoo.ca
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# Classifieds / ਕਲਾਸੀਫਾਈਡਸ

ਕੈਨੇਡੀਅਨ ਪੰਜਾਬੀ ਪੋਸਟ

## GF1 Security Jobs - Security Guard Training - Licensing

Job Guaranteed after completion of the training

Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com

REVIVE EMS · CANADIAN RED CROSS Training Partner

## Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Wage will be $15.00 / hour.
- Punjabi/Hindi and English Preffered
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

## Seeking Hindi speaking Caregiver

to provide care for our 2 children (1 infant & other elementary school) in our Milton home.

- Prepare Indian meals
- Able to teach basic Hindi to kids
- Monitor safety of children
- Change diapers of the infant

Salary- $14/hr | Send resumes to genimmigration.com

## INNOVATION TRANSPORTATION NEEDED A/Z CITY DRIVER

ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ

◦ 7 Days Work ◦ All Shifts Available

- A/Z Driver Needed
- City Drivers Also Needed
- Good Pay/Mileage
- Day & Afternoon Shift & Weekend
- Weekly Pay

NOW HIRING $22 /Hour

Call : 416- 268-9952
70 Delta Park Blvd, Unit # 4, Brampton

## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults. Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damaged parts, wiring and associated equipment.

- $29 per hr
- 4 years Exp
- Secondary School with 1 year mobile repair certification

Email Resume at umar.w@cellntell.com

## ਵਾਜਿਬ ਕੀਮਤ ਤੇ ਤਸੱਲੀ ਬਖਸ਼ ਕੰਮ ਦੀ ਗਰੰਟੀ

With Over 15 Years of Experience

ਪੇਂਟ | ਬੈਕਸਪਲੇਸ਼ ਕਿਚਨ | ਬੇਸਮੈਂਟ ਫਿਨਿਸ਼ ਤੇ ਵਾਸ਼ਰੂਮ | ਫਲੋਰ ਟਾਇਲਜ

Perfect Renovations

Call Davinder Singh: 416.909.6650

## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL: 905-463-2153

Ants, Wasp, Centepede, Fleas, Bed Bugs

## V4U LOGISTIC INC.

Delivering "Satisfaction"... On Time ...Every Time

NOW HIRING

A/Z Drivers Needed

For Canada To US Runs

- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

For Owner Operator upto $1.62/mile

USA Driver $0.60/mile | Canada wide $0.50/mile

- Disability Insurance
- Travel Insurance
- Medical Benefits
- Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096

ਟਰੱਕ ਮਕੈਨਿਕ ਦੀ ਵੀ ਲੋੜ ਹੈ

## City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

– City ਲਈ $20/hour
– USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੌਲ ।

ਜਿਆਦਾ ਜਾਣਕਾਰੀ ਲਈ: 647-632-1742

## ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ

Chronic diseases of Men, Women and Children

Home Visit G Singh;
Ph: 416.931.0028

Dr. Edward Bach Flower Remedies



## Matrimonial

ਰਿਸ਼ਤੇ ਹੀ ਰਿਸ਼ਤੇ

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR.
For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਸੰਪਰਕ- 647-237-5343, 647-688-4149

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

Match for a Jat Sikh Boy, 23, 6'3", vegetarian, student in Canada. Canadian PR or Citizen preferred. For more details contact 216-556-2080.

Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

36 ਸਾਲ, ਜੱਟ ਗੁਰਸਿੱਖ, ਦਸਤਾਰ ਸਜਾਉਂਦੀ ਲੱੜਕੀ, ਕੱਦ 5'-3", **M.A** ,ਕਨੇਡਾ ਪੀ-ਆਰ ਤਲਾਕਸ਼ੁਦਾ, ਬੱਚਾ ਨਹੀ, ਲਈ ਗੁਰਸਿੱਖ ਲੜਕੇ ਦੀ ਲੋੜ ਹੈ। ਸਾਰਾ ਪਰਿਵਾਰ ਬਰੈਂਪਟਨ ਵਿੱਚ ਸੈਟਲਡ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 647-202-7902

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

36 ਸਾਲ, ਜੱਟ ਗੁਰਸਿੱਖ, ਦਸਤਾਰ ਸਜਾਉਂਦੀ ਲੜਕੀ, ਕੱਦ 5'-3", Double M.A, ਕੈਨੇਡਾ ਪੀ-ਆਰ ਤਲਾਕਸ਼ੁਦਾ, ਬੱਚਾ ਨਹੀਂ, ਲਈ ਗੁਰਸਿੱਖ ਲੜਕੇ ਦੀ ਲੋੜ ਹੈ। ਸਾਰਾ ਪਰਿਵਾਰ ਬਰੈਂਪਟਨ ਵਿੱਚ ਸੈਟਲਡ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-202-7902

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

YOUR AD HERE

Check our Free E-paper at:
www.canadianpunjabipost.ca

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ

## A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ

CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।

ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ

- Everyday dedicated run
- Yard to Yard work
- Single driver : 600-2000 miles
- Per miles : $1.45
- Team driver : 5500miles/weel for USA
- Driver Rate : 48 cents

Call Jagtar Raman : (647) 292-5757
(905) 595-0408

## amar INTERMODAL • TRANSPORT • STORAGE

HIRING DRIVERS for Ontario and Montreal

Hiring Owner Operators Drivers

1 Year Prior Experience
Flexible in time
Good Salary

Contact Now
P: 905-893-2270 Ext 121
F: 905-893-3545
E: info@amartransport.com
W: www.amartransport.com

Lanes
Toronto local work
Montreal local work
Montreal Toronto highway work

7290 Major Mackenzie Drive Kleinberg, Ont. L0J 1C0

## AZ ਡਰਾਇਵਰਾਂ ਦੀ ਲੋੜ ਹੈ

"New Drivers are welcome"

ਵਧੀਆ ਤਨਖਾਹ
ਆਟੋਪਾਰਟਸ ਲਈ
ਆਟੋਮੈਟਿਕ ਟਰੱਕ

ਸਿੰਗਲ ਡਰਾਇਵਰ ਦੀ Toronto to Montreal ਲਈ ਲੋੜ ਹੈ
ਟੀਮ ਡਰਾਇਵਰਾਂ ਦੀ Texas ਲਈ ਡੈਡੀਕੇਟਡ ਰਨ ਲਈ ਲੋੜ ਹੈ

416.904.0715 | 647.456.8520

## MANN RENOVATION

ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :

416 839 0647, 905-598-4640

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

ਕੈਨੇਡੀਅਨ ਪੰਜਾਬੀ ਪੋਸਟ

Call For Any kind Of Advertising..!

905-793-2202
news@punjabipost.ca
www.canadianpunjabipost.ca

Award winning news paper
ਕੈਨੇਡੀਅਨ ਪੰਜਾਬੀ ਪੋਸਟ
Canadian Punjabi Post

NEW HOURLY RATES FOR AZ DRIVERS TO U.S.A

Our US Drivers are paid for all the Hours of Service they work.
Hourly ON Duty Driving rate & hourly On Duty not Driving rate.
Overtime for any ON DUTY Hours over 60 Hours.

AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟੱਰਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ।

A/Z U.S. QUALIFIED DRIVERS

XTL is Now Hiring

- Hourly Rates
- Direct deposit weekly
- New Automatic trucks 2017-2018
- Home every week
- Regular customers & Regular routes.

XTL TRANSPORT LOGISTICS DISTRIBUTION

Call Amanda at 1 (866) 985.7297 or 647.463.0470

# ਭਾਰਤੀ ਪੰਜਾਬ ਦਾ 'ਦੇਸ਼ ਪੰਜਾਬ' ਰੇਡੀਓ ਸਰਹੱਦ ਪਾਰ ਕਰੇਗਾ

ਅੰਮ੍ਰਿਤਸਰ, 20 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂ ਭਾਰਤ ਵਿਰੋਧੀ ਕੂੜ ਪ੍ਰਚਾਰ ਦਾ ਜਵਾਬ ਦੇਣ ਅਤੇ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਕੋਲ ਆਪਣੀ ਗੱਲ ਰੱਖਣ ਦੇ ਮੰਤਵ ਨਾਲ ਕੇਂਦਰ ਸਰਕਾਰ ਵੱਲੋਂ ਇਥੇ ਸਰਹੱਦ ਨੇੜੇ ਆਲ ਇੰਡੀਆ ਰੇਡੀਓ (ਆਕਾਸ਼ਵਾਣੀ) ਰਾਹੀਂ 20 ਕਿਲੋਵਾਟ ਦਾ ਇਕ ਐਫ ਐਮ ਟਰਾਂਸਮੀਟਰ ਲਾਇਆ ਗਿਆ ਹੈ, ਜਿਸ ਰਾਹੀਂ 'ਦੇਸ਼ ਪੰਜਾਬ' ਐਫ ਐਮ ਰੇਡੀਓ ਸੇਵਾਵਾਂ ਦੀ 24 ਸਤੰਬਰ ਤੋਂ ਸ਼ੁਰੂਆਤ ਕੀਤੀ ਜਾ ਰਹੀ ਹੈ।

ਅਟਾਰੀ ਵਾਹਗਾ ਸਰਹੱਦ ਤੋਂ ਪੰਜ ਕਿਲੋਮੀਟਰ ਪਹਿਲਾਂ ਘਰਿੰਡਾ ਨੇੜੇ ਇਸ ਕੰਮ ਲਈ ਕਰੀਬ ਇਕ ਹਜ਼ਾਰ ਫੁੱਟ ਦੀ ਉਚਾਈ ਵਾਲਾ ਟਾਵਰ ਲਾਇਆ ਗਿਆ ਹੈ, ਜਿਥੇ 20 ਕਿਲੋਵਾਟ ਦਾ ਉਚ ਤਾਕਤ ਦਾ ਰਿਲੇਅ ਟਰਾਂਸਮੀਟਰ ਲਾਇਆ ਹੈ। ਇਸ ਐਫ ਐਮ ਰੇਡੀਓ ਦੀਆਂ ਸੇਵਾਵਾਂ ਇਸ ਟਰਾਂਸਮੀਟਰ ਦੇ ਰਾਹੀਂ ਸਰਹੱਦ ਪਾਰ ਪਾਕਿਸਤਾਨ ਵਾਲੇ ਪਾਸੇ ਲਾਹੌਰ ਅਤੇ ਇਸ ਦੇ ਨੇੜਲੇ ਇਲਾਕਿਆਂ ਵਿੱਚ ਵੀ ਸੁਣੀਆਂ ਜਾ ਸਕਣਗੀਆਂ। ਇਸ ਦੀ ਰੇਂਜ 60 ਕਿਲੋਮੀਟਰ ਤੱਕ ਹੋਵੇਗੀ।

ਵਰਨਣ ਣ ਯੋਗ ਹੈ ਕਿ ਪਾਕਿਸਤਾਨ ਰੇਡੀਓ ਵੱਲੋਂ ਇਥੇ ਸਰਹੱਦ ਨੇੜੇ 'ਪੰਜਾਬੀ ਦਰਬਾਰ' ਨਾਂ ਦਾ ਇਕ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਨੂੰ ਭਾਰਤ ਵਾਲੇ ਪਾਸੇ ਵੀ ਸੁਣਿਆ ਜਾ ਸਕਦਾ ਹੈ। ਇਸ ਰੇਡੀਓ ਚੈਨਲ ਰਾਹੀਂ ਭਾਰਤ ਵਿਰੋਧੀ ਕੂੜ ਪ੍ਰਚਾਰ ਵੀ ਕੀਤਾ ਜਾਂਦਾ ਹੈ। ਨਵਾਂ ਰੇਡੀਓ ਚੈਨਲ 103.6 ਐਮ ਐਚ ਜੈਡ ਤੇ 24 ਸਤੰਬਰ ਤੋਂ ਬਾਅਦ ਸੁਣਿਆ ਜਾ ਸਕੇਗਾ। ਸਥਾਨਕ ਨਾਗਰਿਕ ਸੰਦੀਪ ਕੁਮਾਰ ਨੇ ਇਸ ਬਾਰੇ ਸੂਚਨਾ ਅਧਿਕਾਰ ਤਹਿਤ ਕੇਂਦਰ ਸਰਕਾਰ ਕੋਲੋਂ ਜਾਣਕਾਰੀ ਲਈ ਹੈ, ਜਿਸ ਹੇਠ ਕੇਂਦਰ ਸਰਕਾਰ ਨੇ ਇਸੇ ਯੋਜਨਾ ਹੇਠ ਜੰਮੂ ਕਸ਼ਮੀਰ ਦੇ ਇਲਾਕੇ ਕਾਰਗਿਲ, ਊਧਮਪੁਰ, ਨੌਸ਼ਹਿਰਾ, ਉੜੀ, ਭੱਦਰਵਾਹ ਅਤੇ ਰਾਜਸਥਾਨ ਵਿੱਚ ਵੀ ਅਜਿਹੇ ਰੇਡੀਓ ਟਰਾਂਸਮੀਟਰ ਲਾਉਣ ਦੀ ਯੋਜਨਾ ਦੱਸੀ ਹੈ।

# ਦੋ ਮੋਟਰ ਸਾਈਕਲਾਂ ਦੀ ਟੱਕਰ, ਸਕੂਲ ਬੱਸ ਡਰਾਈਵਰ ਦੀ ਮੌਤ

ਜਲੰਧਰ, 20 ਸਤੰਬਰ (ਪੋਸਟ ਬਿਊਰੋ)- ਜੰਡਿਆਲਾ ਮੰਜਕੀ ਵਿੱਚ ਫਗਵਾੜਾ ਰੋਡ 'ਤੇ ਸ਼ਿਵ ਹੋਟਲ ਸਾਹ-ਮਣੇ ਦੋ ਮੋਟਰ ਸਾਈਕਲਾਂ ਦੀ ਟੱਕਰ ਵਿੱਚ ਇਕ ਸਕੂਲ ਬੱਸ ਡਰਾਈਵਰ ਦੀ ਮੌਤ ਹੋ ਗਈ, ਜਿਸ ਦੀ ਪਛਾਣ ਸਤਨਾਮ ਸਿੰਘ (54) ਪੁੱਤਰ ਦਰਸ਼ਨ ਸਿੰਘ ਪਿੰਡ ਸਮਰਾਏ (ਜਲੰਧਰ) ਦੇ ਰੂਪ ਵਿੱਚ ਹੋਈ ਹੈ।

ਥਾਣਾ ਸਦਰ ਦੀ ਪੁਲਸ ਚੌਕੀ ਜੰਡਿਆਲਾ ਦੇ ਏ ਐਸ ਆਈ ਰਵਿੰ-ਦਰ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਸਤਨਾਮ ਸਿੰਘ ਨੂਰਮਹਿਲ ਦੇ ਡਿਪਸ ਸਕੂਲ ਦੀ ਟਰਾਂਸਪੋਰਟ ਵਿੰਗ ਦਾ ਇੰਚਾਰਜ ਸੀ। ਕੱਲ੍ਹ ਸਵੇਰੇ ਉਹ ਆਪਣੇ ਸਹਿਯੋਗੀ ਰਮੇਸ਼ ਕੁਮਾਰ ਪੁੱਤਰ ਅਮਰਜੀਤ ਪਿੰਡ ਸਮਰਾਏ ਦੇ ਨਾਲ ਘਰ ਤੋਂ ਸਕੂਲ ਲਈ ਨਿਕਲਿਆ ਸੀ। ਬਾਈਕ ਸਤਨਾਮ ਸਿੰਘ ਚਲਾ ਰਿਹਾ ਸੀ ਅਤੇ ਰਮੇਸ਼ ਉਸ ਦੇ ਪਿੱਛੇ ਬੈਠਾ ਸੀ। ਦੋਵੇਂ ਜਦ ਸ਼ਿਵ ਹੋਟਲ ਦੇ ਕੋਲ ਪਹੁੰਚੇ ਤਾਂ ਇਕ ਹੋਰ ਬਾਈਕ 'ਤੇ ਸਵਾਰ ਦੋ ਲੋਕਾਂ ਨੇ ਉਨ੍ਹਾਂ ਨੂੰ ਓਵਰਟੇਕ ਕਰਨਾ ਚਾਹਿਆ, ਜਿਸ ਦੇ ਕਾਰਨ ਹਾਦਸਾ ਹੋ ਗਿਆ ਅਤੇ ਸਤਨਾਮ ਸਿੰਘ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ, ਜਦ ਕਿ ਦੂਜੇ ਬਾਈਕ 'ਤੇ ਸਵਾਰ ਲੋਕਾਂ ਨੂੰ ਵੀ ਕਾਫੀ ਸੱਟਾਂ ਆਈਆਂ। ਰਮੇਸ਼ ਕੁਮਾਰ ਦੀ ਸੂਚਨਾ 'ਤੇ ਸਤਨਾਮ ਸਿੰਘ ਦੇ ਪਰਵਾਰ ਵਾਲੇ ਹਾਦਸੇ ਵਾਲੀ ਜਗ੍ਹਾ ਪਹੁੰਚੇ ਅਤੇ ਉਸ ਨੂੰ ਚੁੱਕ ਕੇ ਨੂਰਮਹਿਲ ਦੇ ਹਸਪਤਾਲ ਵਿੱਚ ਲੈ ਗਏ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇ ਰਮੇਸ਼ ਕੁਮਾਰ ਦੇ ਬਿਆਨ 'ਤੇ ਦੂਸਰੇ ਬਾਈਕ 'ਤੇ ਸਵਾਰ ਲੋਕਾਂ ਦੇ ਖਿਲਾਫ ਥਾਣਾ ਸਦਰ ਵਿੱਚ ਕੇਸ ਦਰਜ ਕਰ ਲਿਆ ਹੈ। ਦੋਸ਼ੀਆਂ ਦੀ ਅਜੇ ਪਛਾਣ ਨਹੀਂ ਹੋਈ ਤੇ ਨਾ ਇਹ ਪਤਾ ਲੱਗਾ ਕਿ ਉਹ ਕਿਸ ਹਸਪਤਾਲ ਵਿੱਚ ਦਾਖਲ ਹਨ।

ਗੁਰੂ ਨਾਨਕ ਯਾਤਰਾ ਸੁਸਾਇਟੀ ਕੈਨੇਡਾ ਵੱਲੋਂ

ਪਾਕਿਸਤਾਨ ਗੁਰਧਾਮ ਯਾਤਰਾ 2018

ਗੁਰੂ ਪਿਆਰੀ ਸੰਗਤ ਜੀ, ਜਸਬੀਰ ਸਿੰਘ ਬੋਪਾਰਾਏ ਵੱਲੋਂ "ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਮੌਕੇ ਆਪ ਸੰਗਤਾਂ ਦੇ ਸਹਿਯੋਗ ਨਾਲ ਪੰਥ ਤੋਂ ਵਿਛੜੇ ਗੁਰਧਾਮਾਂ ਦੀ 10 ਦਿਨਾਂ ਯਾਤਰਾ ਦਾ ਪ੍ਰਬੰਧ ਕੀਤਾ ਗਿਆ ਹੈ। ਗੁ:ਸ੍ਰੀ ਨਨਕਾਣਾ ਸਾਹਿਬ, ਗੁ: ਪੰਜਾ ਸਾਹਿਬ, ਗੁ: ਕਰਤਾਰਪੁਰ ਸਾਹਿਬ ਸਮੇਤ 25 ਤੋਂ ਵੱਧ ਗੁਰਧਾਮਾਂ ਅਤੇ ਸ਼ਾਹੀ ਕਿਲੇ ਦੇ ਦਰਸ਼ਨ, ਅਨਾਰਕਲੀ ਬਜ਼ਾਰ ਵਿੱਚ ਸ਼ਾਪਿੰਗ ਕਰਵਾਈ ਜਾਵੇਗੀ। ਵਧੀਆ ਹੋਟਲ ਵਿੱਚ ਰਿਹਾਇਸ਼, ਵੈਜੀ ਖਾਣਾ, AC ਡੀਲਕਸ ਕੋਚ ਅਤੇ ਜ਼ੈਡ ਸਕਿਓਰਿਟੀ ਹੋਵੇਗੀ। ਬਜ਼ੁਰਗਾਂ ਦੇ ਪਿੰਡ ਵੇਖਣ ਦਾ ਖਾਸ ਪ੍ਰਬੰਧ ਹੈ। ਯਾਤਰਾ ਖਰਚ ਪਾਕਿਸਤਾਨ $1000 ਦੁਬਈ $700+ ਵੀਜ਼ਾ

ਨਵੰਬਰ 2018 ਪਾਕਿਸਤਾਨ, ਦੁਬਈ ਅਤੇ ਹਜ਼ੂਰ ਸਾਹਿਬ ਦੀ ਯਾਤਰਾ ਲਈ ਬੁਕਿੰਗ ਸ਼ੁਰੂ ਹੈ।

ਸੰਸਾਰ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਅਤੇ ਵੀਜ਼ਾ ਸੇਵਾਵਾਂ ਵੀ ਲੈ ਸਕਦੇ ਹੋ।

JASBIR SINGH BOPARAI - 647.231.1600

Office: 905.299.1313 Toll Free: 1.844.698.1313 Fax: 905.698.1212 Email: gurdhamyatra@gmail.com- 2980 Drew Rd. Unit 131 Malton ON. (Great Panjab Plaza)

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109






# ਖੇਡ ਤੇ ਖਿਡਾਰੀ




## ਭਾਰਤ ਤੇ ਬੰਗਲਾਦੇਸ਼ ਦੀ ਟੱਕਰ ਅੱਜ, ਜੇਤੂ ਲੈਅ ਬਰਕਰਾਰ ਰੱਖਣ ਦੀ ਕੋਸ਼ਿਸ਼ 'ਚ ਰਹੇਗਾ ਭਾਰਤ

ਦੁਬਈ, 20 ਸਤੰਬਰ (ਪੋਸਟ ਬਿਊਰੋ): ਪਾਕਿਸਤਾਨ ਨੂੰ ਹਰਾਉਣ ਤੋਂ ਬਾਅਦ ਭਾਰਤ ਸ਼ੁੱਕਰਵਾਰ ਨੂੰ ਸੁਪਰ-4 ਦੇ ਆਪਣੇ ਪਹਿਲੇ ਮੈਚ ਵਿਚ ਬੰਗਲਾਦੇਸ਼ ਨਾਲ ਭਿੜੇਗਾ, ਜਿਹੜਾ ਕਿਸੇ ਵੀ ਵੱਡੀ ਟੀਮ ਨੂੰ ਆਪਣੇ ਦਿਨ ਹਰਾਉਣ ਦੀ ਸਮੱਰਥਾ ਰੱਖਦਾ ਹੈ। ਭਾਰਤ ਲਈ ਸਭ ਤੋਂ ਵੱਡੀ ਚਿੰਤਾ ਟੀਮ ਸੰਯੋਜਨ ਦੀ ਹੋਵੇਗੀ ਕਿਉਂਕਿ ਹਾਰਦਿਕ ਪੰਡਯਾ ਪਿੱਠ ਦੀ ਸੱਟ ਕਾਰਨ ਟੂਰਨਾਮੈਂਟ 'ਚੋਂ ਬਾਹਰ ਹੋ ਗਿਆ ਹੈ, ਜਦਕਿ ਹਾਂਗਕਾਂਗ ਤੇ ਪਾਕਿਸਤਾਨ ਵਿਰੁੱਧ ਲਗਾਤਾਰ ਦੋ ਦਿਨ ਖੇਡਣ ਤੋਂ ਬਾਅਦ ਭੁਵਨੇਸ਼ਵਰ ਨੂੰ ਆਰਾਮ ਦਿੱਤਾ ਜਾ ਸਕਦਾ ਹੈ। ਅਕਸ਼ਰ ਪਟੇਲ ਤੇ ਸ਼ਾਰਦੁਲ ਠਾਕੁਰ ਦੇ ਵੀ ਸੱਟਾਂ ਕਾਰਨ ਬਾਹਰ ਹੋਣ ਨਾਲ ਭਾਰਤ ਦੀਆਂ ਪ੍ਰੇਸ਼ਾਨੀਆਂ ਵਧ ਗਈਆਂ ਹਨ।

ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਖਲੀਲ ਅਹਿਮਦ ਨੂੰ ਭੁਵਨੇਸ਼ਵਰ ਦੇ ਸਥਾਨ 'ਤੇ ਆਖਰੀ-11 ਵਿਚ ਮੌਕਾ ਦਿੱਤਾ ਜਾ ਸਕਦਾ ਹੈ ਪਰ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਪੰਡਯਾ ਦਾ ਬਦਲ ਕੌਣ ਹੋਵੇਗਾ। ਅਕਸ਼ਰ ਦੀ ਜਗ੍ਹਾ ਰਵਿੰਦਰ ਜਡੇਜਾ, ਜਦਕਿ ਸ਼ਾਰਦੁਲ ਦੀ ਜਗ੍ਹਾ ਸਿਧਾਰਥ ਕੌਲ ਨੂੰ ਟੀਮ ਵਿਚ ਸ਼ਾਮਲ ਕੀਤਾ ਗਿਆ ਹੈ, ਜਿਸਦੀ ਪੁਸ਼ਟੀ ਬੀ. ਸੀ. ਸੀ. ਆਈ. ਨੇ ਵੀਰਵਾਰ ਨੂੰ ਕੀਤੀ। ਪੰਡਯਾ ਦੇ ਬਦਲ ਦੇ ਤੌਰ 'ਤੇ ਦੀਪਕ ਚਾਹਰ



ਰੋਹਿਤ ਸ਼ਰਮਾ



ਮਸਰੇਫ ਬਿਨ ਮੁਰਤਜ਼ਾ

ਟੀਮ ਨਾਲ ਜੁੜ ਰਿਹਾ ਹੈ ਪਰ ਇਸਦੀ ਸੰਭਾਵਨਾ ਨਹੀਂ ਹੈ ਕਿ ਉਸ ਨੂੰ ਸਿੱਧੇ ਆਖਰੀ-11 ਵਿਚ ਜਗ੍ਹਾ ਮਿਲ ਜਾਵੇਗੀ। ਮਨੀਸ਼ ਪਾਂਡੇ ਬੱਲੇਬਾਜ਼ੀ ਵਿਚ ਡੂੰਘਾਈ ਪੈਦਾ ਕਰ ਸਕਦਾ ਹੈ ਤੇ ਮੱਧਕ੍ਰਮ ਵਿਚ ਉਸ ਨੂੰ ਮੌਕਾ ਦਿੱਤੇ ਜਾਣ ਦੀ ਸੰਭਾਵਨਾ ਹੈ। ਕੇਦਾਰ ਜਾਧਵ ਦੀ ਆਫ ਸਪਿਨ ਪ੍ਰਭਾਵਸ਼ਾਲੀ ਹੈ ਤੇ ਉਹ ਪੰਡਯਾ ਦੇ ਹਿੱਸੇ ਦੇ ਓਵਰ ਕਰ ਸਕਦਾ ਹੈ।

ਸਲਾਮੀ ਬੱਲੇਬਾਜ਼ ਰੋਹਿਤ ਸ਼ਰਮਾ ਤੇ ਸ਼ਿਖਰ ਧਵਨ ਪਹਿਲੇ ਦੋ ਮੈਚਾਂ ਵਿਚ ਦੌੜਾਂ ਬਣਾਉਣ ਵਿਚ ਸਫਲ ਰਹੇ ਹਨ, ਜਦਕਿ ਅੰਬਾਤੀ ਰਾਇਡੂ ਤੇ ਦਿਨੇਸ਼ ਕਾਰਤਿਕ ਨੇ ਪਾਕਿਸਤਾਨ ਵਿਰੁੱਧ ਠੋਸ ਬੱਲੇਬਾਜ਼ੀ ਕੀਤੀ। ਮਹਿੰਦਰ ਸਿੰਘ ਧੋਨੀ ਦੀ ਬੱਲੇਬਾਜ਼ੀ ਫਾਰਮ ਟੀਮ ਮੈਨੇਜਮੈਂਟ ਲਈ ਚਿੰਤਾ ਦਾ ਵਿਸ਼ਾ ਹੋ ਸਕਦੀ ਹੈ ਤੇ ਇਹ ਦੇਖਣਾ ਰੋਮਾਂਚਕ ਹੋਵੇਗਾ ਕਿ ਕਪਤਾਨ ਰੋਹਿਤ ਉਸ ਨੂੰ ਉਪਰਲੇ ਕ੍ਰਮ 'ਤੇ ਬੱਲੇਬਾਜ਼ੀ ਲਈ ਬੁਲਾ ਕੇ ਕ੍ਰੀਜ਼ 'ਤੇ ਵੱਧ ਸਮਾਂ ਬਿਤਾਉਣ ਦਾ ਸਮਾਂ ਦਿੰਦਾ ਹੈ ਜਾਂ ਨਹੀਂ।

ਭਾਰਤ ਤੇ ਪਾਕਿਸਤਾਨ ਵਿਚਾਲੇ ਵਿਰੋਧਤਾ ਇਤਿਹਾਸਕ ਹੈ, ਜਦਕਿ ਮੈਲਬੋਰਨ ਵਿਚ 2015 ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਤੋਂ ਬਾਅਦ ਬੰਗਲਾਦੇਸ਼ ਵਿਰੁੱਧ ਵਿਰੋਧਤਾ ਕੜਵਾਹਟ ਭਰੀ ਰਹੀ ਹੈ। ਕੋਈ ਵੀ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਬੰਗਲਾਦੇਸ਼ ਦੀ ਟੀਮ 50 ਓਵਰਾਂ ਦੇ ਸਵਰੂਪ ਵਿਚ ਮਜ਼ਬੂਤ ਹੈ ਤੇ 2012 ਵਿਚ ਏਸ਼ੀਆ ਕੱਪ ਦੇ ਫਾਈਨਲ ਵਿਚ ਵੀ ਜਗ੍ਹਾ ਬਣਾ ਚੁੱਕਾ ਹੈ। ਕਪਤਾਨ ਮਸ਼ਰਫੀ ਮੁਰਤਜਾ ਦੀ ਅਗਵਾਈ ਵਿਚ ਮੁਸ਼ਫਿਕਰ ਰਹੀਮ, ਸ਼ਾਕਿਬ ਅਲ ਹਸਨ, ਮਹਿਮੂਦਉਲਾ ਰਿਆਧ ਟੀਮ ਨੂੰ ਮਜ਼ਬੂਤੀ ਦਿੰਦੇ ਹਨ।

## ਅਫਗਾਨਿਸਤਾਨ ਨੇ ਬੰਗਲਾਦੇਸ਼ ਨੂੰ 136 ਦੌੜਾਂ ਨਾਲ ਹਰਾਕੇ ਆਪਣੀ ਦੂਜੀ ਜਿੱਤ ਦਰਜ ਕੀਤੀ



ਆਬੂਧਾਬੀ, 20 ਸਤੰਬਰ (ਪੋਸਟ ਬਿਊਰੋ): ਰਾਸ਼ਿਦ ਖਾਨ (ਅਜੇਤੂ 57) ਤੇ ਗੁਲਬਦੀਨ ਨਾਯਬ (ਅਜੇਤੂ42) ਵਿਚਾਲੇ 8ਵੀਂ ਵਿਕਟ ਲਈ 95 ਦੌੜਾਂ ਦੀ ਅਜੇਤੂ ਸਾਂਝੇਦਾਰੀ ਤੋਂ ਬਾਅਦ ਅਫਗਾਨਿਸਤਾਨ ਨੇ ਬੰਗਲਾਦੇਸ਼ ਨੂੰ ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ ਦੇ ਆਖਰੀ ਗਰੁੱਪ ਮੈਚ ਵਿਚ ਵੀਰਵਾਰ ਨੂੰ 136 ਦੌੜਾਂ ਨਾਲ ਹਰਾ ਕੇ ਲਗਾਤਾਰ ਦੂਜੀ ਜਿੱਤ ਦਰਜ ਕੀਤੀ। ਇਸ ਤੋਂ ਪਹਿਲਾਂ ਉਸ ਨੇ ਸ਼੍ਰੀਲੰਕਾ ਨੂੰ ਹਰਾਇਆ ਸੀ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰ ਰਹੇ ਅਫਗਾਨਿਸਤਾਨ ਨੇ ਹਸ਼ਮਤਉੱਲਾ ਸ਼ਾਹਿਦੀ (58) ਦੇ ਅਰਧ ਸੈਂਕੜੇ ਦੇ ਬਾਵਜੂਦ ਆਪਣੀਆਂ 7 ਵਿਕਟਾਂ 41ਵੇਂ ਓਵਰ ਤਕ 160 ਦੌੜਾਂ 'ਤੇ ਗੁਆ ਦਿੱਤੀਆਂ ਸਨ ਪਰ ਰਾਸ਼ਿਦ ਖਾਨ ਤੇ ਗੁਲਬਦੀਨ ਨਾਯਬ ਨੇ ਆਖਰੀ 10 ਓਵਰਾਂ ਵਿਚ ਮੋਰਚਾ ਸੰਭਾਲਿਆ ਤੇ ਆਪਣੀ ਟੀਮ ਨੂੰ ਮਜ਼ਬੂਤ ਸਕੋਰ ਤਕ ਪਹੁੰਚਾ ਦਿੱਤਾ। ਅਫਗਾਨਿਸਤਾਨ ਨੇ ਆਖਰੀ ਪੰਜ ਓਵਰਾਂ ਵਿਚ 57 ਦੌੜਾਂ ਬਣਾਈਆਂ।

9ਵੇਂ ਨੰਬਰ ਦੇ ਬੱਲੇਬਾਜ਼ ਰਾਸ਼ਿਦ ਨੇ ਸਿਰਫ 32 ਗੇਂਦਾਂ 'ਤੇ ਅਜੇਤੂ 57 ਦੌੜਾਂ ਵਿਚ 8 ਚੌਕੇ ਤੇ 1 ਛੱਕਾ ਲਾਇਆ, ਜਦਕਿ ਨਾਯਬ ਨੇ 38 ਗੇਂਦਾਂ 'ਤੇ ਅਜੇਤੂ 42 ਦੌੜਾਂ ਵਿਚ ਪੰਜ ਚੌਕੇ ਲਾਏ। ਸ਼ਾਹਿਦੀ ਨੇ 92 ਗੇਂਦਾਂ 'ਤੇ 58 ਦੌੜਾਂ ਵਿਚ ਤਿੰਨ ਚੌਕੇ ਲਾਏ। ਓਪਨਰ ਮੁਹੰਮਦ ਸ਼ਹਿਜਾਦ ਨੇ 47 ਗੇਂਦਾਂ 'ਤੇ 37 ਤੇ ਸਮੀਉੱਲਾਹ ਸ਼ੇਨਵਾਰੀ ਨੇ 18 ਦੌੜਾਂ ਦਾ ਯੋਗਦਾਨ ਦਿੱਤਾ। ਬੰਗਲਾਦੇਸ਼ ਵੱਲੋਂ ਲੈਫਟ ਆਰਮ ਸਪਿਨਰ ਸ਼ਾਕਿਬ ਅਲ ਹਸਨ ਨੇ 10 ਓਵਰਾਂ ਵਿਚ 42 ਦੌੜਾਂ ਦੇ ਕੇ ਸਭ ਤੋਂ ਵੱਧ ਚਾਰ ਵਿਕਟਾਂ ਲਈਆਂ।

ਟੀਚੇ ਦਾ ਪਿੱਛਾ ਕਰਨ ਉਤਰੀ ਬੰਗਲਾਦੇਸ਼ ਦੀ ਟੀਮ ਨੇ ਬੇਹੱਦ ਖਰਾਬ ਪ੍ਰਦਰਸ਼ਨ ਕੀਤਾ ਤੇ ਪੂਰੀ ਟੀਮ 42.1 ਓਵਰਾਂ ਵਿਚ 119 ਦੌੜਾਂ 'ਤੇ ਸਿਮਟ ਗਈ। ਉਸ ਵਲੋਂ ਸਭ ਤੋਂ ਵੱਧ ਦੌੜਾਂ ਸ਼ਾਕਿਬ ਅਲ ਹਸਨ ਨੇ ਬਣਾਈਆਂ। ਉਸ ਨੇ 55 ਗੇਂਦਾਂ 'ਤੇ 32 ਦੌੜਾਂ ਦੀ ਪਾਰੀ ਖੇਡੀ। ਅਫਗਾਨਿਸਤਾਨ ਲਈ ਮੁਜੀਰ ਉਰ ਰਹਿਮਾਨ, ਗੁਲਬਦੀਨ ਤੇ ਰਾਸ਼ਿਦ ਨੇ 2-2 ਵਿਕਟਾਂ ਲਈਆਂ।

## ਅਜਾਰੇਂਕਾ ਪੈਨ ਪੈਸੇਫਿਕ ਓਪਨ ਦੇ ਕੁਆਰਟਰ-ਫਾਈਨਲ 'ਚ ਪਹੁੰਚੀ



ਟੋਕਿਓ, 20 ਸਤੰਬਰ (ਪੋਸਟ ਬਿਊਰੋ): ਪੈਨ ਪੈਸੇਫਿਕ ਓਪਨ ਟੂਰਨਾਮੈਂਟ ਦੌਰਾਨ ਵਿਸ਼ਵ ਦੀ ਸਾਬਕਾ ਨੰਬਰ ਇਕ ਖਿਡਾਰਨ ਵਿਕਟੋਰੀਆ ਅਜਾਰੇਂਕਾ ਨੇ ਆਸਟਰੇਲੀਆ ਦੀ ਐਸ਼ਲੀਗ ਬਾਰਟੀ ਨੂੰ 6-4, 6-2 ਨਾਲ ਹਰਾ ਕੇ ਕੁਆਰਟਰ-ਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ। ਆਪਣੇ ਬੱਚੇ ਲਿਓ ਦੀ ਪਰਵਰਿਸ਼ ਨੂੰ ਲੈ ਕੇ ਚਲ ਰਹੇ ਝਗੜੇ ਕਾਰਨ ਲੰਬੇ ਸਮੇਂ ਟੈਨਿਸ ਤੋਂ ਦੂਰ ਰਹੀ ਅਜਾਰੇਂਕਾ ਆਖਰੀ-8 ਵਿਚ ਚੋਟੀ ਦਰਜਾ ਪ੍ਰਾਪਤ ਕਾਰੋਲਿਨ ਬੋਜਨਿਆਕੀ ਅਤੇ ਇਟਲੀ ਦੀ ਕਾਮਿਲਾ ਜਿਆਰਗੀ ਵਿਚਾਲੇ ਹੋਣ ਵਾਲੇ ਮੈਚ ਦੀ ਜੇਤੂ ਨਾਲ ਭਿੜੇਗੀ। ਚੈਕ ਗਣਰਾਜ ਦੀ ਬਾਰਬੋਰਾ ਸਟ੍ਰੀਕੋਵਾ ਨੇ ਵੀ ਏਸਤਾਨੀਆ ਦੀ ਐਨੇਟ ਕੋਂਟਾਵੀਟ ਨੂੰ 7-6, 3-6, 7-5 ਨਾਲ ਹਰਾ ਕੇ ਕੁਆਰਟਰ-ਫਾਈਨਲ ਵਿਚ ਜਗ੍ਹਾ ਬਣਾਈ ਜਿੱਥੇ ਉਸ ਦਾ ਸਾਹਮਣਾ ਯੂ. ਐੱਸ. ਓਪਨ ਜੇਤੂ ਨਾਓਮੀ ਓਸਾਕਾ ਨਾਲ ਹੋਵੇਗਾ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization


BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Touch A
- Massage
- Reflexology
- Hot Stone Therapy
- Health Consulting





Hany
Practitioner
CAHT, CRHP, RNC, RNHP

Hany Abaad ਕਈ ਦਹਕਿਆਂ ਤੋਂ ਬਰੈਂਪਟਨ ਵਿਖੇ ਮਸਾਜ ਰਾਹੀਂ, ਲੋਅਰ ਬੈਕ, ਧੌਣ, ਮੌਢੇ ਅਤੇ ਲੱਤਾਂ ਆਦਿ ਦੇ ਦਰਦਾਂ ਨੂੰ ਮਸਾਜ ਰਾਹੀਂ ਠੀਕ ਕਰਦੇ ਆ ਰਹੇ ਹਨ। ਇਹ Certified Massage Therapy ਦੇ ਨਾਲ Iridologist ਵੀ ਹਨ ਅਤੇ ਅਤੇ ਹਜਾਰਾਂ ਪੰਜਾਬੀ ਅਤੇ ਹੋਰ ਭਾਈਚਾਰੇ ਦੇ ਲੋਕ ਇਨ੍ਹਾਂ ਤੋਂ ਮਸਾਜ ਕਰਵਾਕੇ ਦਰਦਾਂ ਤੋਂ ਛੁਟਕਾਰਾ ਪਾ ਚੁੱਕੇ ਹਨ। ਇਹਨਾਂ ਪਾਸ ਦਾੜੀ ਅਤੇ ਵਾਲਾਂ ਨੂੰ ਲਿਸ਼ਕਾਉਣ ਅਤੇ ਮੁਲਾਇਮ ਬਣਾਉਣ ਲਈ ਖੁਦ ਹੀ ਤਿਆਰ ਕੀਤਾ ਤੇਲ, Chemical Free Soap ਜੋ Skin Allergy ਅਤੇ Migraine ਆਦਿ ਤੋਂ ਪੀੜਤ ਲੋਕਾਂ ਲਈ ਬਹੁਤ ਲਾਹਿਬੰਦ ਹੁੰਦਾ ਹੈ, ਵੀ ਮਿਲਦਾ ਹੈ। ਸਾਫ ਸੁਥਰੀ Massage Parlour ਤੇ ਆਓ ਅਤੇ Experience the Difference. ਔਰਤਾਂ ਦੀ Privacy ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ।

416-300-1018

Email: touchsoap@gmail.com
For Luxurious & Natural Products Visit us at: www.TouchA.ca

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients

**SPECIAL**
Forklift Re-Certification Only $69



Karnail Singh

Cell: 416-670-3173
Tell: 905-799-7333
Open 7 Days
27-B Edvac Drive, Brampton, ON L6S 5X8

## ਫਿਰ ਇਕੱਠੇ ਦਿਖਾਈ ਦੇ ਸਕਦੇ ਹਨ ਅਭਿਸ਼ੇਕ ਅਤੇ ਤਾਪਸੀ





ਅਭਿਸ਼ੇਕ ਬੱਚਨ ਅਤੇ ਤਾਪਸੀ ਪੰਨੂ ਦੀ ਫਿਲਮ 'ਮਨਮਰਜ਼ੀਆ' ਹਾਲ ਹੀ ਵਿੱਚ ਰਿਲੀਜ਼ ਹੋਈ ਹੈ। ਦੋਵਾਂ ਨੂੰ ਆਪਣੀ ਪ੍ਰਫਾਰਮੈਂਸ ਦੇ ਲਈ ਚੰਗਾ ਫੀਡਬੈਕ ਵੀ ਮਿਲਿਆ ਹੈ। ਕਈ ਮੇਕਰਸ ਉਨ੍ਹਾਂ ਤੋਂ ਇੰਪ੍ਰੈਸ ਹੋਏ ਹਨ।

ਖਬਰ ਹੈ ਕਿ ਦੋਵੇਂ ਫਿਰ ਇਕੱਠੇ ਕਿਸੇ ਫਿਲਮ ਵਿੱਚ ਦਿਖਾਈ ਦੇ ਸਕਦੇ ਹਨ। ਇੱਕ ਡਾਇਰੈਕਟਰ ਨੇ ਉਨ੍ਹਾਂ ਨੂੰ ਫਿਲਮ ਦੇ ਲਈ ਅਪਰੋਚ ਵੀ ਕੀਤਾ ਹੈ। ਦੋਵੇਂ ਡਾਇਰੈਕਟਰ ਨੂੰ ਮਿਲ ਵੀ ਚੁੱਕੇ ਹਨ ਅਤੇ ਸਕ੍ਰਿਪਟ ਵੀ ਸੁਣ ਚੁੱਕੇ ਹਨ, ਪਰ ਅਜੇ ਫਿਲਮ ਦੀ ਹਾਮੀ ਨਹੀਂ ਭਰੀ। ਦੋਵਾਂ ਨੂੰ ਕਹਾਣੀ ਪਸੰਦ ਆਈ ਹੈ ਅਤੇ ਜਲਦ ਹੀ ਫਿਲਮ ਫਲੋਰ 'ਤੇ ਜਾਏਗੀ। ਮੇਕਰਸ ਇਸ ਦੀ ਜਲਦੀ ਅਨਾਊਂਸਮੈਂਟ ਕਰਨਗੇ। ਇਸ ਦੇ ਇਲਾਵਾ ਅਭਿਸ਼ੇਕ ਪਤਨੀ ਐਸ਼ਵਰਿਆ ਦੇ ਨਾਲ ਅਨੁਰਾਗ ਕਸ਼ਯਪ ਦੀ ਫਿਲਮ 'ਗੁਲਾਬ ਜਾਮੁਨ' ਕਰ ਰਹੇ ਹਨ। ਉਥੇ ਤਾਪਸੀ ਵੀ ਅਮਿਤਾਭ ਬੱਚਨ ਨਾਲ ਸੁਜਾਏ ਘੋਸ਼ ਦੀ ਫਿਲਮ 'ਬਦਲਾ' ਵਿੱਚ ਨਜ਼ਰ ਆਉਣ ਵਾਲੀ ਹੈ।

## 'ਸਟੂਡੈਂਟ ਆਫ ਦਿ ਈਅਰ 2' ਵਿੱਚ ਗੁਲ ਪਨਾਗ ਦੀ ਐਂਟਰੀ

ਟਾਈਗਰ ਸ਼ਰਾਫ ਸਟਾਰਰ ਫਿਲਮ 'ਸਟੂਡੈਂਟ ਆਫ ਦਿ ਈਅਰ 2' ਦੀ ਸ਼ੂਟਿੰਗ ਇਨ੍ਹੀਂ ਦਿਨੀਂ ਪੁਣੇ ਵਿੱਚ ਚੱਲ ਰਹੀ ਹੈ। ਫਿਲਮ ਦੇ ਜ਼ਰੀਏ ਅਨੰਨਿਆ ਪਾਂਡੇ ਅਤੇ ਤਾਰਾ ਸੁਤਾਰੀਆ ਬਾਲੀਵੁੱਡ ਵਿੱਚ ਡੈਬਿਊ ਕਰ ਰਹੀਆਂ ਹਨ।


ਇੱਕ ਰਿਪੋਰਟ ਮੁਤਾਬਕ ਹੁਣ ਇਸ ਫਿਲਮ ਵਿੱਚ ਗੁਲ ਪਨਾਗ ਦੀ ਐਂਟਰੀ ਹੋ ਗਈ ਹੈ। ਦਰਅਸਲ ਮੇਕਰਸ ਨੂੰ ਫਿਲਮ ਵਿੱਚ ਸਪੋਰਟਸ ਕੋਚ ਦੇ ਰੋਲ ਦੇ ਲਈ ਇੱਕ ਅਜਿਹੀ ਅਭਿਨੇਤਰੀ ਦੀ ਜ਼ਰੂਰਤ ਸੀ ਜੋ ਨਾ ਸਿਰਫ ਫਿੱਟ ਹੋਵੇ ਅਤੇ ਬਲਕਿ ਬਾਈਕ ਰਾਈਡ ਕਰਨਾ ਵੀ ਜਾਣਦੀ ਹੋਵੇ। ਗੁਲ ਆਖਰੀ ਵਾਰ 2015 ਵਿੱਚ ਰਿਲੀਜ਼ ਹੋਈ ਫਿਲਮ 'ਅਬ ਤੱਕ ਛੱਪਨ' ਵਿੱਚ ਦਿਖਾਈ ਦਿੱਤੀ ਸੀ।

## ਵਿਕਰਮ ਭੱਟ ਦੀ 'ਆਦਤ' ਵਿੱਚ ਬਿਪਾਸ਼ਾ-ਕਰਣ ਇਕੱਠੇ ਹੋਣਗੇ



ਬਿਪਾਸ਼ਾ ਬਸੂ ਅਤੇ ਕਰਣ ਸਿੰਘ ਗਰੋਵਰ ਨੇ ਆਖਰੀ ਵਾਰ 2015 ਵਿੱਚ ਰਿਲੀਜ਼ ਹੋਈ ਫਿਲਮ 'ਅਲੋਨ' ਵਿੱਚ ਇਕੱਠੇ ਕੰਮ ਕੀਤਾ ਸੀ। ਜਲਦੀ ਹੀ ਦੋਵੇਂ ਇੱਕ ਵਾਰ ਫਿਰ ਫਿਲਮ 'ਆਦਤ' ਵਿੱਚ ਇਕੱਠੇ ਨਜ਼ਰ ਆਉਣਗੇ। ਇਸ ਫਿਲਮ ਵਿੱਚ ਬਿਪਾਸ਼ਾ ਲੰਡਨ ਦੀ ਇੱਕ ਕਾਪ ਦੀ ਭੂਮਿਕਾ ਵਿੱਚ ਹੋਵੇਗੀ, ਕਰਣ ਇੱਕ ਐੱਨ ਆਰ ਆਈ ਬਿਜ਼ਨਸਮੈਨ ਦਾ ਕਿਰਦਾਰ ਨਿਭਾਉਣਗੇ। ਇਸ ਥ੍ਰਿਲਰ ਫਿਲਮ ਦੀ ਕਹਾਣੀ ਵਿਕਰਮ ਭੱਟ ਨੇ ਲਿਖੀ ਹੈ ਅਤੇ 14 ਸਤੰਬਰ ਨੂੰ ਲੰਡਨ ਵਿੱਚ ਇਸ ਦੀ ਸ਼ੂਟਿੰਗ ਸ਼ੁਰੂ ਹੋ ਜਾਏਗੀ। ਇਸ ਫਿਲਮ ਨੂੰ ਵੀ 'ਅਲੋਨ' ਫੇਮ ਡਾਇਰੈਕਟਰ ਭੂਸ਼ਣ ਪਟੇਲ ਨਿਰਦੇਸ਼ਿਤ ਕਰ ਰਹੇ ਹਨ। ਇਸ ਫਿਲਮ ਦੇ ਪ੍ਰੋਡਿਊਸਰ ਸਿੰਗਰ ਮੀਕਾ ਹੋਣਗੇ।









LIGHT SPEED Logistics Inc.

"Always There For You"

Web: www.lslinc.com
Email: safedrivers@lslinc.com

NOW HIRING

**Owner Operators:**
- US Team(ON to Midwest) (Loaded/Empty) $1.80*
- US Team(Open Board)...................... $1.73*
- US Single(ON to Midwest)............... $1.70*
- US Single(Open Board)................... $1.63*
- Canadian Team........................... $1.66*
- Canadian Singles(AB to BC).......... $1.91*
- Canadian Singles(Open Board)..... $1.56*
- Hourly Waiting Pay
- Paid Meat Inspection

*Rates are based on the current fuel surcharge.

**Company Drivers(Up to):**
- US Single(ON to Midwest)............... $0.62
- US Single(Open Board)................... $0.54
- US Team.......................................... $0.66
- Canadian Team............................... $0.62
- Canadian Singles(AB to BC).......... $0.56
- Canadian Singles(Open Board).... $0.50
- Hourly Waiting Pay
- Paid Meat Inspection

Plus Paid: Plates, Permits, HVUT, Insurance, Practical Miles, FCA Fuel Surcharge Program, Tolls, Satellite, Transponder/E-Z Pass

Cell: 416.768.5441 Off: 905.696.0700 Ext#3
6015 Kestrel Rd, Mississauga, ON L5T 1S8




Limited time offer until September 30, 2018. *Terms and conditions apply. Issued by HSBC Bank Canada.